# ਲਹੂ ਦਾ ਨੇਮ

ਫ੍ਰੈਂਕਲਿਨ ਦੇ ਨੋਟਸ

ਆਦਮ ਦੇ ਪਾਪ ਤੋਂ ਅਸੀਂ ਇਹ ਜਾਣਨਾ ਸ਼ੁਰੂ ਕੀਤਾ ਕਿ ਲਹੂ ਪਰਮੇਸ਼ੁਰ ਲਈ ਕਿੰਨਾ ਕੀਮਤੀ ਹੈ ਅਤੇ ਇਹ ਨੇਮ ਦੇ ਵਿੱਚ ਮਹੱਤਵਪੂਰਣ ਹੈ।

ਉਤਪਤ 3:21 21 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਉਹ ਇਸਤਰੀ ਲਈ ਚਮੜੇ ਦੇ ਚੋਲੇ ਬਣਾਕੇ ਉਨ੍ਹਾਂ ਨੂੰ ਪਵਾਏ।

- ਪਾਪ ਦੀ ਮਜ਼ੂਰੀ ਤਾਂ ਮੌਤ ਹੈ (ਰੋਮੀਆਂ 6:23) ਪਰਮੇਸ਼ੁਰ ਨੇ ਕਿਸੇ ਹੋਰ ਦਾ ਜੀਵਨ ਦਿੱਤਾ – ਲਹੂ ਵਹਾਇਆ ਗਿਆ – ਇੱਕ ਬਲੀਦਾਨ ਮਨੁੱਖ ਦੇ ਪਾਪ ਨੂੰ ਢੱਕਣ ਲਈ, ਉਸ ਦੀ ਦਯਾ ਦੀ ਘੋਸ਼ਣਾ ਕਰਨ ਲਈ ਅਤੇ ਇਹ ਘੋਸ਼ਣਾ ਕਰਨ ਲਈ ਕਿ ਮਨੁੱਖ ਜਾਤੀ ਪਰਮੇਸ਼ੁਰ ਲਈ ਕਿੰਨੀ ਖਾਸ ਹੈ ਅਤੇ ਪਰਮੇਸ਼ੁਰ ਮਨੁੱਖ ਜਾਤੀ ਨੂੰ ਕਿੰਨਾ ਪਿਆਰ ਕਰਦਾ ਹੈ।

ਲੇਵੀਆਂ ਦੀ ਪੋਥੀ 17:11 ਕਿਉਂ ਜੋ **ਸਰੀਰ ਦੀ ਜਿੰਦ ਉਸ ਦੇ ਲਹੂ ਵਿੱਚ ਹੈ** ਅਤੇ ਮੈਂ ਉਸ ਨੂੰ ਜਗਵੇਦੀ ਦੇ ਉੱਤੇ ਤੁਹਾਡੇ ਪ੍ਰਾਣਾਂ ਦੇ ਪ੍ਰਾਸਚਿਤ ਕਰਨ ਲਈ ਤੁਹਾਨੂੰ ਦਿੱਤਾ ਹੈ, ਕਿਉਂ ਕਿ ਜਿਹੜਾ ਪ੍ਰਾਸਚਿਤ ਕਰਦਾ ਹੈ ਸੋ **ਜਿੰਦ** ਦੇ ਕਾਰਨ **ਲਹੂ** ਹੈ।

- ਜੀਵਨ ਲਹੂ ਦੇ ਵਿੱਚ ਹੈ ਅਤੇ ਪਾਪ ਦੀ ਮਾਫ਼ੀ ਲਈ ਇੱਕ ਜੀਵਨ ਦੀ ਜ਼ਰੂਰਤ ਹੈ। ਇਹ ਘੋਸ਼ਣਾ ਕਰਦਾ ਹੈ ਕਿ ਪਰਮੇਸ਼ੁਰ ਪਾਪ ਨੂੰ ਕਿੰਨੀ ਗੰਭੀਰਤਾ ਨਾਲ ਲੈਂਦਾ ਹੈ।

- ਆਦਮ ਨੇ ਜਦੋਂ ਪਾਪ ਕੀਤਾ ਤਾਂ ਉਸ ਨੇ ਇਹ ਸਬਕ ਸਿੱਖਿਆ।

ਲੇਵੀਆਂ ਦੀ ਪੋਥੀ 17:14 ਕਿਉਂ ਜੋ ਉਹ ਸਾਰੇ ਮਾਸ ਦੀ ਜਿੰਦ ਹੈ, **ਉਸ ਦਾ ਲਹੂ ਉਸ ਦੀ ਜਿੰਦ ਦੇ ਲਈ ਹੈ**

- ਆਦਮ ਨੇ ਇਸ ਬਹੁਤ ਮਹੱਤਵਪੂਰਣ ਸਬਕ ਨੂੰ ਸਿੱਖਿਆ ਅਤੇ ਇਸ ਨੂੰ ਆਪਣੇ ਪੁੱਤਰਾਂ ਨੂੰ ਵੀ ਸਿਖਾਇਆ ਜਿਵੇਂ ਅਸੀਂ ਹਾਬਲ ਦੇ ਬਲੀਦਾਨ ਵਿੱਚ ਵੇਖਦੇ ਹਾਂ। ਪਰ ਕਾਇਨ ਨੇ ਲਹੂ ਦੀ ਮਹੱਤਤਾ ਨੂੰ ਸਪੱਸ਼ਟ ਰੂਪ ਵਿੱਚ ਨਹੀਂ ਸਮਝਿਆ।

ਉਤਪਤ 4:2-5 ਕਾਇਨ ਅਤੇ ਹਾਬਲ

(3) ਕੁਝ ਦਿਨਾਂ ਦੇ ਮਗਰੋਂ ਐਉਂ ਹੋਇਆ ਕਿ ਕਇਨ ਜ਼ਮੀਨ ਦੇ ਫਲ ਤੋਂ ਯਹੋਵਾਹ ਦੀ ਭੇਟ ਲਈ ਕੁਝ ਲੈ ਆਇਆ।

(4) ਹਾਬਲ ਵੀ ਇੱਜੜ ਦੇ **ਪਲੌਠਿਆਂ** ਅਰ ਉਨ੍ਹਾਂ ਦੀ ਚਰਬੀ ਤੋਂ ਕੁਝ ਲੈ ਆਇਆ, ਅਤੇ ਯਹੋਵਾਹ ਨੇ ਹਾਬਲ ਨੂੰ ਅਰ ਉਹ ਦੀ ਭੇਟ ਨੂੰ ਪਸੰਦ ਕੀਤਾ। (5) ਪਰ ਕਇਨ ਅਰ ਉਹਦੀ ਭੇਟ ਨੂੰ ਪਸੰਦ ਨਾ ਕੀਤਾ।

> **ਹਾਬਲ** ਨੇ **ਲਹੂ ਦਾ ਬਲੀਦਾਨ** ਚੜ੍ਹਾਇਆ ਜਿਵੇਂ ਪਰਮੇਸ਼ੁਰ ਨੇ ਉਸ ਦੇ ਪਿਤਾ ਨੂੰ ਸਿਖਾਇਆ ਸੀ। ਇਹ ਉਸ ਦੇ ਜੀਵਨ ਦੇ ਬਦਲੇ ਵਿੱਚ ਸੀ, ਜੋ ਇਹ ਘੋਸ਼ਣਾ ਕਰਦਾ ਹੈ ਕਿ ਪਾਪ ਦੇ ਲਈ ਲਹੂ ਦਾ ਵਹਾਇਆ ਜਾਣਾ ਜ਼ਰੂਰੀ ਹੈ। ਹਾਬਲ ਨੇ ਪਰਮੇਸ਼ੁਰ ਦੀ ਅਰਾਧਨਾ ਉਸ ਤਰ੍ਹਾਂ ਕੀਤੀ ਜਿਵੇਂ ਪਰਮੇਸ਼ੁਰ ਚਾਹੁੰਦਾ ਸੀ।

**ਕਾਇਨ** ਨੇ ਇਸ ਤਰ੍ਹਾਂ ਨਹੀਂ ਕੀਤਾ। ਉਸ ਨੇ ਪਰਮੇਸ਼ੁਰ ਦੀ ਅਰਾਧਨਾ ਕੀਤੀ ਅਤੇ ਉਹ ਚੜ੍ਹਾਇਆ ਜੋ ਉਸ ਨੂੰ ਖੁਦ ਚੰਗਾ ਲੱਗਦਾ ਸੀ - ਆਪਣੇ ਯਤਨਾਂ ਦਾ ਕੰਮ, ਆਪਣੇ ਹੱਥਾਂ ਦਾ ਕੰਮ। ਇਹ ਧਰਮ ਹੈ - ਮਨੁੱਖ ਨਿਰਧਾਰਤ ਕਰਦਾ ਹੈ ਕਿ ਪਰਮੇਸ਼ੁਰ ਕੌਣ ਹੈ ਅਤੇ ਉਸ ਦੀ ਅਰਾਧਨਾ ਕਿਵੇਂ ਕੀਤੀ ਜਾਣੀ ਚਾਹੀਦੀ ਹੈ।

- ਇਸ ਬਚਨ ਦੇ ਦੁਆਰਾ ਸਾਨੂੰ ਸਿਖਾਇਆ ਗਿਆ ਹੈ: ਤਾਂ ਉਸ ਨੇ ਉਨ੍ਹਾਂ **ਧਰਮ ਦੇ ਕਰਮਾਂ** ਕਰਕੇ ਨਹੀਂ ਜੋ **ਅਸਾਂ ਕੀਤੇ** ਸਗੋਂ **ਆਪਣੇ ਰਹਮ** ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ **ਨਾਲ ਸਾਨੂੰ ਬਚਾਇਆ**। ਤੀਤੁਸ 3:5

## ਨੇਮ ਅਤੇ ਅਬਰਾਹਾਮ

ਉਤਪਤ 15 ਪੂਰੇ ਅਧਿਆਇ ਨੂੰ ਪੜ੍ਹੋ

ਆਇਤਾਂ 1-5 ਅਬਰਾਹਾਮ ਨਾਲ ਪਰਮੇਸ਼ੁਰ ਦੇ **ਵਾਅਦੇ** ਜਾਂ **ਸੌਂਹਾਂ**
ਆਇਤ 6 ਉਸ ਨੇ ਯਹੋਵਾਹ ਦੀ ਪਰਤੀਤ* ਕੀਤੀ ਅਤੇ ਉਸ ਨੇ ਉਹ ਦੇ ਲਈ ਏਸ ਗੱਲ ਨੂੰ ਧਰਮ ਗਿਣਿਆ। ਇਰਬਾਨੀ ਸ਼ਬਦ "ਪਰਤੀਤ ਕੀਤੀ" ਦਾ ਅਰਥ ਹੈ - ਸੱਚਾ ਅਤੇ ਵਫ਼ਾਦਾਰ ਬਣਨ ਲਈ ਕਿਸੇ ਨਾਲ ਖੁਦ ਦੇ ਸਮਰਪਣ ਨੂੰ ਅਯੋਗ ਕਰਨਾ, ਅਬਰਾਹਾਮ ਦਾ ਸਮਰਪਣ।

- ਨੇਮ ਦੇ ਲਈ ਇਸ ਦੀ ਜ਼ਰੂਰਤ ਹੈ।

ਆਇਤ 10 ਤਾਂ ਉਹ ਉਸ ਦੇ ਲਈ ਏਹ ਸਭ ਲੈ ਆਇਆ ਅਤੇ ਉਨ੍ਹਾਂ ਦੇ ਦੋ ਦੋ **ਟੋਟੇ ਕੀਤੇ** ਜਾਨਵਰ ਨੂੰ ਕੱਟਣਾ ਜਾਂ ਵੱਢਣਾ ਅਤੇ ਲਹੂ ਵਹਾਇਆ ਜਾਣਾ **ਲਹੂ ਦਾ ਨੇਮ** ਸੀ, ਅਬਰਾਹਾਮ ਨਾਲ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਲਈ ਪਰਮੇਸ਼ੁਰ ਦਾ **ਅਯੋਗ ਸਮਰਪਣ**। ਮੌਤ ਤੋਂ ਜੀਵਨ ਦਾ ਸਮਰਪਣ।

ਉਸ ਦੇ ਆਪਣੇ ਜੀਵਨ ਦੇ ਨਾਲ ਕੀਤੇ ਵਾਅਦਿਆਂ ਜਾਂ ਸੌਂਹਾਂ ਨੂੰ ਪੂਰਾ ਕਰਨ ਲਈ ਸਮਰਪਣ! ਅਤੇ ਉਸ ਨੇ ਯਿਸੂ ਦੇ ਵਹਾਏ ਗਏ ਲਹੂ ਦੇ ਵਿੱਚ ਅਜਿਹਾ ਕੀਤਾ।

ਉਤਪਤ 17 (13 ਸਾਲ ਬਾਅਦ) **ਸੁੰਨਤ ਦਾ ਨੇਮ**

ਆਇਤਾਂ 1-8 ਅਬਰਾਮ ਨਾਲ ਪਰਮੇਸ਼ੁਰ ਦੇ ਵਾਅਦੇ ਜਾਂ ਸੌਂਹਾਂ

ਆਇਤਾਂ 10-11 ਇਹ **ਮੇਰਾ ਨੇਮ ਮੇਰੇ ਅਰ ਤੁਹਾਡੇ** ਅਰ **ਤੇਰੇ ਪਿੱਛੋਂ ਤੇਰੀ ਅੰਸ ਵਿੱਚ** ਹੈ ਜਿਸ ਦੀ **ਤੁਸੀਂ ਪਾਲਣਾ ਕਰੋ**। ਤੁਹਾਡੇ ਵਿੱਚੋਂ ਹਰ ਇੱਕ ਨਰ ਦੀ **ਸੁੰਨਤ** ਕੀਤੀ ਜਾਵੇ। ਤੁਸੀਂ ਆਪਣੇ ਬਦਨ ਦੀ ਖੱਲੜੀ ਦੀ ਸੁੰਨਤ (ਲਹੂ ਵਹਾਉਣਾ) ਕਰਾਓ ਅਤੇ ਇਹ ਮੇਰੇ ਅਰ ਤੁਹਾਡੇ ਵਿੱਚ ਉਸ **ਨੇਮ ਦਾ ਨਿਸ਼ਾਨ** ਹੋਵੇਗਾ।

- ਇਹ **ਮੇਰਾ ਨੇਮ ਮੇਰੇ ਅਰ ਤੁਹਾਡੇ** ਅਰ **ਤੇਰੇ ਪਿੱਛੋਂ ਤੇਰੀ ਅੰਸ ਵਿੱਚ . . .**

ਰੋਮੀਆਂ 4:16 ਇਸ ਕਾਰਨ ਉਹ ਨਿਹਚਾ ਤੋਂ ਹੋਇਆ ਭਈ ਕਿਰਪਾ ਦੇ ਅਨੁਸਾਰ ਠਹਿਰੇ ਇਸ ਲਈ ਜੋ **ਕਰਾਰ ਸਾਰੀ ਅੰਸ** ਦੇ ਲਈ **ਪੱਕਾ ਰਹੇ**, ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ ਸ਼ਰਾ ਵਾਲੀ ਹੈ ਪਰੰਤੂ ਉਹ ਦੇ ਲਈ **ਭੀ** ਜਿਹੜੀ ਅਬਰਾਹਾਮ ਜੇਹੀ **ਨਿਹਚਾ** ਰੱਖਦੀ ਹੈ ਉਹ **ਅਸਾਂ ਸਭਨਾਂ ਦਾ ਪਿਤਾ ਹੈ**। ਵੇਖੋ ਗਲਾਤੀਆਂ 3:7, 9, 14

- ਤੁਹਾਡੇ ਵਿੱਚੋਂ ਹਰ ਇੱਕ ਨਰ ਦੀ **ਸੁੰਨਤ** (ਲਹੂ ਵਹਾਉਣਾ) . . . ਅਤੇ ਇਹ ਮੇਰੇ ਅਰ ਤੁਹਾਡੇ ਵਿੱਚ ਉਸ **ਨੇਮ ਦਾ ਨਿਸ਼ਾਨ** ਹੋਵੇਗਾ।

  **"ਨੇਮ ਦਾ ਨਿਸ਼ਾਨ"** ਜਿਸ ਵਿੱਚ ਉਹ ਜਿਸ ਦੇ ਦੁਆਰਾ ਇੱਕ ਪਿਤਾ ਬਣਦਾ ਹੈ ਅਤੇ "ਅੰਸ" ਨੂੰ ਪੈਦਾ ਕਰਦਾ ਹੈ **ਕਰਾਰ ਸਾਰੀ ਅੰਸ** ਦੇ ਲਈ **ਪੱਕਾ ਰਹੇ**

- ਅਬਰਾਹਮ ਦੇ ਬੱਚੇ (ਅੰਸ) ਪਰਮੇਸ਼ੁਰ ਦੇ ਬੱਚੇ ਹਨ।
- ਬੱਚੇ ਪੈਦਾ ਕਰਨ ਦੀ ਕਿਰਿਆ ਅਤੇ ਬੱਚੇ ਪੈਦਾ ਕਰਨਾ "ਪਵਿੱਤਰ" ਕੰਮ ਹੈ।
- ਮਰਦ ਅਤੇ ਔਰਤ ਦੇ ਵਿਚਕਾਰ ਵਿਆਹ ਦੀ ਪਹਿਲੀ ਕਿਰਿਆ ਲਹੂ ਦਾ ਨੇਮ ਹੈ, ਜੋ ਵਿਆਹ ਦੇ ਨੇਮ ਨੂੰ ਪੂਰਨ ਕਰਦਾ ਹੈ।

ਇਬਰਾਨੀਆਂ 13:4 ਵਿਆਹ ਕਰਨਾ ਸਭਨਾਂ ਵਿੱਚ **ਆਦਰ** ਜੋਗ ਗਿਣਿਆ ਜਾਵੇ ਅਤੇ ਵਿਛਾਉਣਾ **ਬੇਦਾਗ** ਰਹੇ ਕਿਉਂ ਜੋ ਪਰਮੇਸ਼ੁਰ ਹਰਾਮਕਾਰਾਂ ਅਤੇ ਵਿਭਚਾਰੀਆਂ ਦਾ ਨਿਆਉਂ ਕਰੇਗਾ।

- ਵਿਆਹ ਕਰਨਾ ਸਭਨਾਂ ਵਿੱਚ **ਆਦਰ** ਜੋਗ ਗਿਣਿਆ ਜਾਵੇ ਉੱਚ ਕੋਟੀ ਤੱਕ ਆਦਰ ਯੋਗ ਜਾਂ ਖਾਸ।
- ਪਰਮੇਸ਼ੁਰ ਨਿਆਉਂ ਕਰੇਗਾ ਕਿਉਂਕਿ ਇਹ ਲਹੂ ਦੇ ਨੇਮ ਨੂੰ ਤੋੜਦਾ ਹੈ।

ਨਵੇਂ ਨੇਮ ਵਿੱਚ, ਖੱਲੜੀ ਦੀ ਸੁੰਨਤ ਨੂੰ "ਮਨ ਦੀ ਸੁੰਨਤ" ਨਾਲ ਬਦਲ ਦਿੱਤਾ ਗਿਆ ਹੈ (ਗਲਾਤੀਆਂ 6:15; ਫਿਲਿੱਪੀਆਂ 3:3; ਕੁਲੁੱਸੀਆਂ 2:11)।

ਨੇਮ ਨਾਲ ਮੂਸਾ ਦਾ ਅਨੁਭਵ:

ਕੂਚ 4:21-26 ਮੂਸਾ ਨੇ ਆਪਣੇ ਪਲੌਠੇ ਦੀ ਸੁੰਨਤ ਨਹੀਂ ਕਰਾਈ ਸੀ ਅਤੇ ਪਰਮੇਸ਼ੁਰ ਦੇ ਦੂਤ ਦੇ ਰੂਪ ਵਿੱਚ ਉਹ ਨੇਮ ਤੋਂ ਬਾਹਰਲੇ ਮਿਸਰੀਆਂ ਦੇ ਪਲੌਠਿਆਂ ਬਾਰੇ ਫਿਰਊਨ ਨੂੰ ਮਿਲਣ ਲਈ ਰਾਸਤੇ ਵਿੱਚ ਜਾ ਰਿਹਾ ਸੀ।

ਆਇਤ 24 ਯਹੋਵਾਹ ਉਸ ਨੂੰ ਮਿਲਿਆ ਅਰ **ਉਸ ਨੂੰ ਮਾਰਨਾ ਚਾਹਿਆ**।

- ਉਸ ਨੇ ਨੇਮ ਦੀਆਂ ਮੰਗਾਂ ਨੂੰ ਪੂਰਾ ਨਾ ਕਰਨ ਦੇ ਦੁਆਰਾ ਇਸ ਨੂੰ ਤੋੜਿਆ।
- ਇਹ ਪਰਗਟ ਕਰਦਾ ਹੈ ਕਿ ਪਰਮੇਸ਼ੁਰ ਨੇਮ ਨੂੰ **ਕਿੰਨੀ ਗੰਭੀਰਤਾ** ਨਾਲ ਲੈਂਦਾ ਹੈ।

ਆਇਤਾਂ 25-26 ਤਾਂ ਸਿੱਪੋਰਾਹ ਨੇ ਇੱਕ ਚਕ ਮਕ ਦੀ ਪੱਥਰੀ ਲੈ ਕੇ ਆਪਣੇ ਪੁੱਤਰ ਦੀ ਖੱਲੜੀ ਕੱਟ ਸੁੱਟੀ ਅਰ ਉਸ ਨੂੰ ਉਸ ਦੇ ਪੈਰਾਂ ਵਿੱਚ ਸੁੱਟ ਦਿੱਤਾ ਅਤੇ ਆਖਿਆ, ਤੂੰ ਸੱਚ ਮੁਚ ਮੇਰੇ ਲਈ ਇੱਕ **ਖੂਨੀ** ਪਤੀ ਹੈਂ। ਸੋ ਉਸ ਨੇ ਉਹ ਨੂੰ ਛੱਡ ਦਿੱਤਾ। ਫਿਰ ਉਸ ਨੇ ਉਹ ਨੂੰ ਆਖਿਆ, ਸੁੰਨਤ ਦੇ ਕਾਰਨ ਤੂੰ **ਖੂਨੀ** ਪਤੀ ਹੋਇਆ ਹੈਂ।

ਸਿੱਪੋਰਾਹ ਇੱਕ ਮਿਦਯਾਨੀ ਸੀ ਅਤੇ ਆਪਣੇ ਕੰਮ ਦੁਆਰਾ ਉਹ ਨੇਮ ਦੇ ਮਹੱਤਤਵ ਨੂੰ ਅਤੇ ਨੇਮ ਦੀ ਮੰਗ ਨੂੰ ਪੂਰੀ ਤਰ੍ਹਾਂ ਸਮਝਦੀ ਨਹੀਂ ਸੀ ਜਾਂ ਵਧਾਵਾ ਨਹੀਂ ਦਿੰਦੀ ਸੀ।

ਇਹ ਇਸ ਦੀ ਇੱਕ ਉਦਾਹਰਣ ਹੈ: 1 ਕੁਰਿੰਥੀਆਂ 7:14 ਕਿਉਂ ਜੋ ਬੇਪਰਤੀਤ ਪਤੀ ਆਪਣੀ ਪਤਨੀ ਦੇ ਕਾਰਨ ਪਵਿੱਤਰ (ਸੰਤ) ਹੋਇਆ ਅਤੇ ਬੇਪਰਤੀਤ ਪਤਨੀ ਉਸ ਭਰਾ ਦੇ ਕਾਰਨ ਪਵਿੱਤਰ (ਸੰਤ) ਹੋਈ ਹੈ, ਨਹੀਂ ਤਾਂ ਤੁਹਾਡੇ ਬਾਲ ਬੱਚੇ ਅਸ਼ੁੱਧ ਹੁੰਦੇ ਪਰ ਹੁਣ ਤਾਂ ਪਵਿੱਤਰ ਹਨ (ਪਵਿੱਤਰ, ਸੰਤ – ਇੱਕੋ ਜਿਹੇ ਸ਼ਬਦ ਹਨ)।

ਇਹ ਹੈ: ਅਵਿਸ਼ਵਾਸੀ ਅਤੇ ਉਨ੍ਹਾਂ ਤੋਂ ਜਨਮੇ ਬੱਚੇ ਉਸ ਨਾਲ "ਵਿਆਹ ਦੇ ਨੇਮ" ਵਿੱਚ ਹੋਣ ਕਾਰਨ "ਸੰਤ", ਸੁਰੱਖਿਅਤ ਹਨ, ਜੋ ਪਰਮੇਸ਼ੁਰ ਦੇ ਨਾਲ "ਨੇਮ" ਵਿੱਚ ਹੈ।

## ਨਵਾਂ ਨੇਮ:

ਲੂਕਾ 22:19-20 ਤਾਂ ਉਸ ਨੇ **ਰੋਟੀ** ਲਈ ਅਤੇ ਸ਼ੁਕਰ ਕਰ ਕੇ ਤੋੜੀ ਅਤੇ ਇਹ ਕਹਿ ਕੇ ਉਨ੍ਹਾਂ ਨੂੰ ਦਿੱਤੀ ਕਿ ਇਹ ਮੇਰਾ ਸਰੀਰ ਹੈ ਜੋ ਤੁਹਾਡੇ ਬਦਲੇ ਦਿੱਤਾ ਜਾਂਦਾ ਹੈ, ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ। ਅਤੇ ਖਾਣ ਦੇ ਪਿੱਛੋਂ ਇਸੇ ਤਰਾਂ ਉਸ ਨੇ **ਪਿਆਲਾ** ਦੇ ਕੇ ਕਿਹਾ ਕਿ ਇਹ ਪਿਆਲਾ **ਮੇਰੇ ਲਹੂ ਵਿੱਚ** ਜੋ ਤੁਹਾਡੇ ਲਈ ਵਹਾਇਆ ਜਾਂਦਾ ਹੈ **ਨਵਾਂ ਨੇਮ ਹੈ**।

1 ਕੁਰਿੰਥੀਆਂ 10:16-17 ਉਹ ਬਰਕਤ ਦਾ ਪਿਆਲਾ ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ **ਮਸੀਹ ਦੇ ਲਹੂ ਦੀ ਸਾਂਝ** ਨਹੀਂ? ਉਹ **ਰੋਟੀ** ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ **ਮਸੀਹ ਦੇ ਸਰੀਰ ਦੀ ਸਾਂਝ** ਨਹੀਂ? (17) ਰੋਟੀ ਇੱਕੋ ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ **ਇੱਕ** ਰੋਟੀ ਵਿੱਚ ਸਾਂਝੀ ਹਾਂ।

"**ਰੋਟੀ** ਦਾ ਨੇਮ ਅਤੇ **ਲਹੂ** ਦਾ ਨੇਮ ਪੂਰਬੀ ਬਿਧੀਆਂ ਦੇ ਵਿੱਚ ਅਤੇ ਬਾਈਬਲ ਦੀਆਂ ਸਿੱਖਿਆਵਾਂ ਦੇ ਵਿੱਚ ਵੀ ਦੋ ਵੱਖ-ਵੱਖ ਨੇਮ ਹਨ।

- ਰੋਟੀ ਦਾ ਨੇਮ **ਸ਼ਾਂਤੀ** ਲਿਆਉਣ ਵਾਲੀ **ਸੁਲਾਹ** ਨੂੰ ਸੁਰੱਖਿਅਤ ਕਰਦਾ ਹੈ
- ਲਹੂ ਦਾ ਨੇਮ **ਇੱਕ ਸਥਾਈ ਏਕਤਾ** ਨੂੰ ਸੁਰੱਖਿਅਤ ਕਰਦਾ ਹੈ, **ਦੋ ਲੋਕਾਂ ਦੇ ਇੱਕ ਹੋਣ ਦੇ ਸਬੰਧ ਨੂੰ।**

  ਰੋਟੀ **ਦੋਸਤੀ** ਦਿੰਦੀ ਹੈ, ਲਹੂ **ਸਬੰਧ** ਦਿੰਦਾ ਹੈ।

- **ਰੋਟੀ ਦਾ ਨੇਮ** ਇੱਕ ਵਿਖਾਵਾ ਅਤੇ **ਮਹਿਮਾਨ ਨਿਵਾਜ਼ੀ** ਦੀ ਇੱਕ ਸੌਂਹ ਹੈ ਅਤੇ ਕਿਸੇ ਨੂੰ ਰੋਟੀ ਦਾ ਨੇਮ ਕਰਨ ਵਾਲੇ ਨਾਲ ਪਰਿਵਾਰਿਕ ਜਾਂ ਜਾਤੀ ਦੇ ਸਬੰਧ ਵਿੱਚ ਲਿਆਉਂਦਾ ਹੈ।
  ਉਤਪਤ 14:18-20; 18:4-5; 43:32; ਕੂਚ 29:31-34
- **ਲਹੂ ਦਾ ਨੇਮ** ਵਿਅਕਤੀਗਤ ਹੈ, ਜਾਨ ਦੇ ਲਈ ਜਾਨ।

ਰੋਟੀ ਦਾ ਨੇਮ:
ਬਾਈਬਲ ਅਤੇ ਸੰਸਾਰ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦੇ ਵਿੱਚ, ਜਦੋਂ ਦੋ ਪਾਰਟੀਆਂ ਇੱਕ ਸਮਝੌਤੇ ਵਿੱਚ ਦਾਖਲ ਹੁੰਦੀਆਂ ਹਨ, ਤਦ ਉਹ **ਇਕੱਠੇ ਭੋਜਨ ਕਰਦੇ ਹਨ**। ਇਹ ਭੋਜਨ ਉਨ੍ਹਾਂ ਦੀ ਸਹਿਮਤੀ ਅਤੇ ਦੋਸਤੀ ਦੇ ਉੱਤੇ ਮੋਹਰ ਲਾਉਂਦਾ ਹੈ।

- ਉਤਪਤ 31:64 ਯਾਕੂਬ ਅਤੇ ਲਾਬਾਨ ਸਾਨੂੰ ਨੇਮ ਦੇ ਭੋਜ ਦੀ ਇੱਕ ਉਦਾਹਰਣ ਦਿੰਦੇ ਹਨ ਜੋ ਦੋ ਵਿਰੋਧੀ ਪਾਰਟੀਆਂ ਦੇ ਵਿੱਚ **ਸ਼ਾਂਤੀ** ਲੈ ਕੇ ਆਉਂਦਾ ਹੈ।

ਉਦਾਹਰਣਾਂ:
ਮੈਂ ਪੁਰਾਣੇ ਸ਼ਹਿਰ ਯਰੂਸ਼ਲਮ ਦੇ ਵਿੱਚ ਇੱਕ ਮੁਸਲਿਮ ਮਾਲਕ ਦੇ ਕੋਲ ਗਿਆ ਅਤੇ ਉਸ ਨੂੰ ਦੱਸਿਆ ਕਿ ਮੈਂ ਉਨ੍ਹਾਂ ਦੀ ਰੋਟੀ ਨੂੰ ਕਿੰਨਾ ਪਸੰਦ ਕਰਦਾ ਹਾਂ। ਉਸ ਨੇ ਆਪਣੇ ਪੁੱਤਰ ਨੂੰ ਰੋਟੀਆਂ ਖ਼੍ਰੀਦਣ ਲਈ ਭੇਜਿਆ ਅਤੇ ਰੋਟੀਆਂ ਮੈਨੂੰ ਦਿੱਤੀਆਂ। ਮੈਂ ਬਹੁਤ ਸ਼ੁਕਰ ਗੁਜ਼ਾਰ ਸੀ ਅਤੇ ਉਸ ਨੂੰ ਵੀ ਰੋਟੀ ਦੇਣੀ ਚਾਹੀ ਜਿਸ ਨੂੰ ਲੈਣ ਤੋਂ ਉਸ ਨੇ ਇਨਕਾਰ ਕੀਤਾ। ਬਾਅਦ ਦੇ ਵਿੱਚ ਮੈਨੂੰ ਪਤਾ ਲੱਗਿਆ ਕਿ ਉਹ ਕਦੇ ਵੀ ਉਸ ਵਿਅਕਤੀ ਨਾਲ ਰੋਟੀ ਨਹੀਂ ਤੋੜੇਗਾ ਅਤੇ ਇੱਕ ਨੇਮ ਨੂੰ ਕਾਇਮ ਨਹੀਂ ਕਰੇਗਾ, ਜਿਸ ਨੂੰ ਉਹ ਕਾਫ਼ਰ ਸਮਝਦਾ ਸੀ।

- ਡੇਰੇਕ ਪ੍ਰਿੰਸ ਇੱਕ ਸੱਚੀ ਕਹਾਣੀ ਦੱਸਦੇ ਹਨ ਜੋ 1948 ਦੇ ਵਿੱਚ ਵਾਪਰੀ, ਜਦੋਂ ਇਸਰਾਏਲ ਦੇਸ ਹੋਂਦ ਵਿੱਚ ਆਇਆ ਅਤੇ ਇਸਰਾਏਲ ਦੇ ਆਲੇ ਦੁਆਲੇ ਦੇ ਮੁਸਲਿਮ ਲੋਕਾਂ ਦਾ ਯਹੂਦੀ ਲੋਕਾਂ ਦੇ ਨਾਲ ਯੁੱਧ ਸ਼ੁਰੂ ਹੋ ਗਿਆ। (ਇਹ ਸੱਚੀ ਕਹਾਣੀ *"ਹੇ ਯਰੂਸ਼ਲਮ"* ਪੁਸਤਕ ਦੇ ਅਧਿਆਇ 29 ਦੇ ਵਿੱਚ ਪਾਈ ਜਾ ਸਕਦੀ ਹੈ)

ਇੱਕ ਯਹੂਦੀ ਇਲਾਕੇ ਦੇ ਉੱਤੇ ਯਰਦਨ ਦੀ ਫੌਜ ਦੇ ਦੁਆਰਾ ਹਮਲਾ ਕੀਤਾ ਗਿਆ ਅਤੇ ਉਸ ਨੂੰ ਜਿੱਤ ਲਿਆ ਗਿਆ ਅਤੇ ਪੂਰੀ ਤਰ੍ਹਾਂ ਨਾਸ ਕਰ ਦਿੱਤਾ ਗਿਆ। ਬਿਲਕੁਲ ਥੋੜ੍ਹੇ ਜਿਹੇ ਯਹੂਦੀਆਂ ਨੂੰ ਕੈਦ ਕੀਤਾ ਗਿਆ। ਉਨ੍ਹਾਂ ਦੇ ਵਿੱਚੋਂ ਇੱਕ ਜਵਾਨ ਔਰਤ ਸੀ ਜਿਸ ਦਾ ਨਾਮ ਏਲੀਜ਼ਾ ਸੀ। ਮੁਸਲਿਮ ਸਿਪਾਹੀਆਂ ਨੇ ਉਸ ਦਾ ਬਲਾਤਕਾਰ ਕਰਨ ਦੀ ਤਿਆਰੀ ਕੀਤੀ। ਉਨ੍ਹਾਂ ਨੇ ਅਜੇ ਉਸ ਦੇ ਕੱਪੜੇ ਪਾੜਨੇ ਹੀ ਸ਼ੁਰੂ ਕੀਤੇ ਸਨ ਕਿ ਇੱਕ ਹੈਰਾਨ ਕਰਨ ਵਾਲੀ ਗੱਲ ਹੋਈ। ਇੱਕ ਅਰਬੀ ਸਿਪਾਹੀ ਆਇਆ ਅਤੇ ਉਸ ਨੇ ਦੋ ਸਿਪਾਹੀਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਫਿਰ ਉਸ ਨੇ ਆਪਣੀ ਜੇਬ ਵਿੱਚੋਂ ਰੋਟੀ ਦਾ ਇੱਕ ਟੁਕੜਾ ਕੱਢਿਆ ਅਤੇ ਉਸ ਯਹੂਦੀ ਔਰਤ ਨੂੰ ਦਿੱਤਾ ਅਤੇ ਕਿਹਾ, "ਇਸ ਨੂੰ ਖਾ"। ਜਦੋਂ ਉਸ ਨੇ ਰੋਟੀ ਖਾ ਲਈ, ਤਦ ਉਸ ਨੇ ਕਿਹਾ, *"ਹੁਣ ਤੂੰ ਮੇਰੀ ਸੁਰੱਖਿਆ ਵਿੱਚ ਹੈਂ। ਕੋਈ ਵੀ ਤੈਨੂੰ ਛੂਹੇਗਾ ਨਹੀਂ"।*

**ਕਿਉਂ?** ਉਸ ਨੇ ਉਸ ਦੀ ਰੋਟੀ ਨੂੰ ਖਾਧਾ ਜਿਸ ਨੇ ਉਨ੍ਹਾਂ ਦੇ ਵਿੱਚ ਇੱਕ ਪ੍ਰਤੱਖ ਨੇਮ ਨੂੰ ਕਾਇਮ ਕੀਤਾ। ਅਤੇ ਯੁੱਧ ਅਤੇ ਲਾਲਸਾ ਦੇ ਜਨੂੰਨ ਦੇ ਵਿੱਚ ਵੀ ਉਨ੍ਹਾਂ ਮੁਸਲਿਮ ਸਿਪਾਹੀਆਂ ਨੇ ਆਪਣੇ ਅਫਸਰ ਅਤੇ ਜਵਾਨ ਯਹੂਦੀ ਔਰਤ ਦੇ ਵਿੱਚ ਨੇਮ ਦੇ ਸਬੰਧ ਦਾ ਆਦਰ ਕੀਤਾ।

ਜਦੋਂ ਉਸ ਔਰਤ ਅਤੇ ਅਫਸਰ ਵਿਚਕਾਰ **ਰੋਟੀ ਤੋੜੀ ਗਈ**, ਉਹ ਉਸ ਪਵਿੱਤਰ ਨੇਮ ਦੇ ਨਿਸ਼ਾਨ ਦੇ ਵਿੱਚ ਬੰਨ੍ਹੇ ਗਏ:

- ਉਸ ਨੂੰ ਨੁਕਸਾਨ ਨਾ ਪਹੁੰਚਾਉਣ ਜਾਂ ਉਸ ਦਾ ਸ਼ੋਸ਼ਣ ਨਾ ਕਰਨ ਲਈ
- ਪਰ ਉਸ ਨੂੰ ਸੁਰੱਖਿਆ ਦੇਣ ਲਈ ਅਤੇ ਨਵੇਂ ਸਬੰਧ ਦਾ ਆਦਰ ਕਰਨ ਲਈ।

ਜਦੋਂ ਦੋ ਲੋਕ ਇੱਕ ਲਹੂ ਦੇ ਨੇਮ ਵਿੱਚ ਦਾਖਲ ਹੁੰਦੇ ਹਨ

1. ਉਹ ਇੱਕ ਹੋ ਜਾਂਦੇ ਹਨ: ਇੱਕ ਲਹੂ / ਇੱਕ ਜੀਵਨ।

ਯੂਹੰਨਾ 17:20 . . . ਮੇਰੇ ਉੱਤੇ ਨਿਹਚਾ ਕਰਨਗੇ। (21) ਜੋ ਓਹ ਸਭ **ਇੱਕੋ ਹੋਣ** ਜਿਸ ਤਰਾਂ, ਹੇ ਪਿਤਾ, ਤੂੰ **ਮੇਰੇ ਵਿੱਚ** ਅਤੇ ਮੈਂ ਤੇਰੇ **ਵਿੱਚ** ਹਾਂ ਜੋ ਓਹ ਵੀ ਸਾਡੇ **ਵਿੱਚ** ਹੋਣ

ਫਿਲਿੱਪੀਆਂ 1:21 ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਇਹ ਹੈ: ਦੋ ਇੱਕ ਹਨ

2. ਆਪਣੇ ਬਚਨਾਂ ਜਾਂ / ਅਤੇ ਸੌਂਹਾਂ ਨੂੰ ਪੂਰਾ ਕਰਨ ਲਈ ਵਫ਼ਾਦਾਰ ਅਤੇ ਭਰੋਸੇਮੰਦ

   ਇਬਰਾਨੀਆਂ 13:5 . . . ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।

3. ਉਹ ਦੂਸਰੇ ਲਈ ਜੀਉਂਦੇ ਹਨ ਅਤੇ ਦੂਸਰੇ ਲਈ ਮਰਦੇ ਹਨ। ਯਸਾਯਾਹ 53

   ਰੋਮੀਆਂ 5:8 . . . ਮਸੀਹ ਸਾਡੇ ਲਈ ਮੋਇਆ।

4. ਇੱਕ ਦੀਆਂ ਜ਼ਰੂਰਤਾਂ ਦੂਸਰੇ ਦੀਆਂ ਜ਼ਰੂਰਤਾਂ ਹੁੰਦੀਆਂ ਹਨ।

   ਰੋਮੀਆਂ 8:32 ਜਿਹ ਨੇ ਆਪਣੇ ਹੀ ਪੁੱਤਰ ਦਾ ਭੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ **ਅਸਾਂ ਸਭਨਾਂ ਦੇ ਲਈ** ਦੇ ਦਿੱਤਾ ਸੋ ਉਹ ਦੇ ਨਾਲ **ਸਾਰੀਆਂ ਵਸਤਾਂ ਵੀ ਸਾਨੂੰ** ਕਿੱਕੁਰ ਨਾ **ਬਖ਼ਸ਼ੇਗਾ**?

5. ਜੋ ਇੱਕ ਦਾ ਹੈ ਉਹ ਦੂਸਰੇ ਦਾ ਹੈ

   ਰੋਮੀਆਂ 8:17 ਅਤੇ ਜੇ ਬਾਲਕ ਹਾਂ ਤਾਂ **ਅਧਕਾਰੀ** ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ

   - ਉਹ ਪਾਪ ਬਣਿਆ, ਅਸੀਂ ਧਰਮੀ ਬਣੇ (ਰੋਮੀਆਂ 3:22; 2 ਕੁਰਿੰਥੀਆਂ 5:21)

6. ਇੱਕ ਦਾ ਦੁਸ਼ਮਣ ਦੋਵਾਂ ਦਾ ਦੁਸ਼ਮਣ ਹੈ।

ਵਿਆਹ ਇੱਕ ਲਹੂ ਦਾ ਨੇਮ ਹੈ ਮਲਾਕੀ 2:13-17

ਫੇਰ ਤੁਸੀਂ ਇਹ ਵੀ ਕਰਦੇ ਹੋ ਕਿ ਤੁਸੀਂ ਯਹੋਵਾਹ ਦੀ ਜਗਵੇਦੀ ਨੂੰ ਅੰਝੂਆਂ ਨਾਲ ਅਤੇ ਹੂੰਗਿਆਂ ਨਾਲ ਢੱਕ ਦਿੱਤਾ ਕਿਉਂ ਜੋ **ਉਹ ਫੇਰ ਤੁਹਾਡੀ ਭੇਟ ਨੂੰ ਨਹੀਂ ਵੇਖਦਾ** ਅਤੇ ਨਾ ਤੁਹਾਡੇ ਹੱਥੋਂ ਖੁਸ਼ ਹੋ ਕੇ ਲੈਂਦਾ ਹੈ। (14) ਤੁਸੀਂ ਆਖਦੇ ਹੋ, **ਕੀ ਸਬੱਬ ਹੈ**? ਸਬੱਬ ਇਹ ਹੈ ਕਿ **ਯਹੋਵਾਹ** ਤੇਰੇ ਵਿੱਚ ਅਤੇ ਤੇਰੀ ਜੁਆਨੀ ਦੀ ਇਸਤਰੀ ਵਿੱਚ **ਗਵਾਹ ਹੈ** ਕਿਉਂ ਜੋ **ਤੈਂ ਉਸ ਦੇ ਨਾਲ ਬੇਪਰਤੀਤੀ ਕੀਤੀ**, ਭਾਵੇਂ ਉਹ ਤੇਰੀ **ਸਾਥਣ** ਅਤੇ **ਤੇਰੇ ਨੇਮ ਦੀ ਇਸਤਰੀ ਹੈ**। (15) ਕੀ ਉਸ ਨੇ ਇੱਕ ਨੂੰ ਹੀ ਨਹੀਂ ਰਚਿਆ? ਕੀ ਉਸ ਲਈ ਰੂਹ ਬਾਕੀ ਨਹੀਂ? ਫੇਰ **ਇੱਕ** ਨੂੰ ਹੀ ਕਿਉਂ? ਉਹ ਪਰਮੇਸ਼ੁਰ ਦੀ ਨਸਲ ਚਾਹੁੰਦਾ ਸੀ ਸੋ ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰ ਰਹੋ ਅਤੇ ਤੂੰ **ਆਪਣੀ ਜੁਆਨੀ ਦੀ ਇਸਤਰੀ ਦੀ ਬੇਪਰਤੀਤੀ ਨਾ ਕਰ**। (16) ਕਿਉਂ ਜੋ ਯਹੋਵਾਹ ਇਸਰਾਏਲ ਦਾ ਪਰਮੇਸ਼ੁਰ ਆਖਦਾ ਹੈ . . . ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰੀ ਕਰੋ ਅਤੇ **ਬੇਪਰਤੀਤੀ ਨਾ ਕਰੋ**। (17) ਤੁਸਾਂ ਆਪਣੀਆਂ ਗੱਲਾਂ ਨਾਲ ਯਹੋਵਾਹ ਨੂੰ ਅਕਾ ਦਿੱਤਾ ਤਾਂ ਵੀ ਤੁਸੀਂ ਆਖਦੇ ਹੋ, ਕਾਹਦੇ ਵਿੱਚ ਅਸਾਂ ਉਹ ਨੂੰ ਅਕਾ ਦਿੱਤਾ? ਏਸ ਆਖਣ ਵਿੱਚ ਕਿ ਜਦ ਹਰੇਕ ਬੁਰਿਆਈ ਕਰਦਾ ਹੈ

ਤਾਂ ਯਹੋਵਾਹ ਦੀ ਨਿਗਾਹ ਵਿੱਚ ਭਲਾ ਹੈ ਅਤੇ ਉਹ ਓਹਨਾਂ ਤੋਂ ਖੁਸ਼ ਹੈ, ਯਾ ਏਹ ਭਈ ਇਨਸਾਫ ਦਾ ਪਰਮੇਸ਼ੁਰ ਕਿੱਥੇ ਹੈ?

- ਪਰਮੇਸ਼ੁਰ ਨੇ ਔਰਤ ਨੂੰ ਇਸ ਢੰਗ ਨਾਲ ਬਣਾਇਆ ਹੈ ਕਿ ਵਿਆਹ ਦੀ ਪਹਿਲੀ ਕਿਰਿਆ ਦੇ ਵਿੱਚ ਇੱਕ ਫਟਣਾ (ਹਾਈਮਨ ਝਿੱਲੀ) ਹੁੰਦਾ ਹੈ ਅਤੇ ਲਹੂ ਵਹਾਇਆ ਜਾਂਦਾ ਹੈ, ਜੋ ਨੇਮ ਨੂੰ ਪੂਰਾ ਕਰਦਾ ਹੈ।

**ਬਿਵਸਥਾਸਾਰ** 22:13-19 ਪੱਛਮ ਦੇ ਵਿੱਚ ਅੱਜ, ਲਹੂ ਦਾ ਨਿੱਕਲਣਾ ਵਿਖਾਉਣਾ ਵਿਆਹ ਦੇ ਨੇਮ ਦੇ ਪੂਰੇ ਹੋਣ ਦੇ ਸਬੂਤ ਅਤੇ ਪਵਿੱਤਰਤਾ ਦੇ ਸਬੂਤ ਵਾਂਗ ਆਮ ਹੈ।

ਉਤਪਤ 2:24 ਸੋ ਪੁਰਸ਼ ਆਪਣੇ ਮਾਪੇ ਛੱਡਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ **ਓਹ ਇੱਕ ਸਰੀਰ ਹੋਣਗੇ।**

**ਇੱਕ ਸਰੀਰ** ਨੇਮ ਦੀ ਭਾਸ਼ਾ ਹੈ ਜਿਸ ਦਾ ਅਰਥ "ਦੋ ਲੋਕਾਂ ਦਾ ਇੱਕ ਹੋਣਾ" ਹੈ।

ਮੱਤੀ 19:5-6 ਅਤੇ ਕਿਹਾ, ਜੋ ਏਸ ਲਈ ਮਰਦ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ। (6) ਸੋ ਹੁਣ ਓਹ ਦੋ ਨਹੀਂ ਬਲਕਣ **ਇੱਕੋ ਸਰੀਰ** ਹਨ। ਸੋ ਜੋ ਕੁਝ ਪਰਮੇਸ਼ੁਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ।

- ਮੱਤੀ 5:32 ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਜਿਹੜਾ ਆਪਣੀ ਪਤਨੀ ਨੂੰ ਹਰਾਮਕਾਰੀ ਤੋਂ **ਛੁੱਟ** ਕਿਸੇ ਹੋਰ ਸਬੱਬ ਨਾਲ **ਤਿਆਗੇ** ਉਹ ਉਸ ਕੋਲੋਂ ਜ਼ਨਾਹ ਕਰਾਉਂਦਾ ਹੈ ਅਤੇ ਜੇ ਕੋਈ ਉਸ ਤਿਆਗੀ ਹੋਈ ਨਾਲ ਵਿਆਹ ਕਰੇ ਸੋ ਜ਼ਨਾਹ ਕਰਦਾ ਹੈ।
    - ਇਹ ਵਿਆਹ ਦੇ ਨੇਮ ਦੀ ਲੰਬੀ ਉਮਰ ਅਤੇ ਔਰਤ ਅਤੇ ਮਰਦ ਦੇ ਕੁਆਰੇ ਹੋਣ ਦੀ ਮਹੱਤਤਾ ਬਾਰੇ ਘੋਸ਼ਣਾ ਕਰਦਾ ਹੈ।
    - ਪੁਰਾਣੇ ਨੇਮ ਵਿੱਚ ਹਰਾਮਕਾਰੀ ਦੇ ਲਈ ਵਰਤੇ ਗਏ ਸ਼ਬਦ "apostatize" ਦਾ ਅਰਥ – ਨੇਮ ਨੂੰ ਤੋੜਨਾ ਹੈ
    - ਲੇਵੀਆਂ 20:10-21 ਹਰਾਮਕਾਰੀ ਦੇ ਵਿੱਚ ਮਨੁੱਖ **ਲਹੂ ਦਾ ਦੋਸ਼ੀ** ਹੁੰਦਾ ਹੈ ਅਤੇ: "ਜਰੂਰ ਵੱਢੇ ਜਾਣ ਅਤੇ ਉਨ੍ਹਾਂ ਦਾ ਖ਼ੂਨ ਉਨ੍ਹਾਂ ਦੇ ਹੀ ਜੁੰਮੇ ਹੋਵੇ"।

- **ਜੇਕਰ ਨੇਮ ਤੋੜਿਆ ਗਿਆ ਤਾਂ ਕੀ ਹੋਵੇਗਾ?** ਉਦਾਹਰਣ: ਦਾਊਦ ਅਤੇ ਬੈਥਸ਼ੇਬਾ

2 ਸਮੂਏਲ 12:13-15 ਤਦ ਦਾਊਦ ਨੇ ਨਾਥਾਨ ਨੂੰ ਆਖਿਆ, **ਮੈਂ** ਯਹੋਵਾਹ ਦਾ **ਪਾਪ ਕੀਤਾ** ਅਤੇ ਨਾਥਾਨ ਨੇ ਦਾਊਦ ਨੂੰ ਆਖਿਆ, ਯਹੋਵਾਹ ਨੇ ਵੀ ਤੇਰਾ ਪਾਪ ਬਖਸ਼ਿਆ ਸੋ ਤੂੰ ਨਾ ਮਰੇਂਗਾ। ਪਰ ਇਸ ਕਰਕੇ ਜੋ ਤੇਰੇ ਇਸ ਕੰਮ ਕਰਨ ਤੋਂ ਯਹੋਵਾਹ ਦੇ ਵੈਰੀਆਂ ਲਈ ਨਿੰਦਿਆ ਕਰਨ ਦਾ ਵੱਡਾ ਵੇਲਾ ਲੱਭਾ ਸੋ ਏਹ ਮੁੰਡਾ ਵੀ ਜੋ ਤੇਰੇ ਲਈ ਜੰਮੇਗਾ ਜ਼ਰੂਰ ਮਰ ਜਾਵੇਗਾ, ਤਾਂ ਨਾਥਾਨ ਆਪਣੇ ਘਰ ਚਲਾ ਗਿਆ।

1 ਯੂਹੰਨਾ 1:9 **ਜੇ ਅਸੀਂ** ਆਪਣਿਆਂ ਪਾਪਾਂ ਦਾ **ਇਕਰਾਰ ਕਰੀਏ** ਤਾਂ **ਉਹ ਵਫ਼ਾਦਾਰ** ਅਤੇ ਧਰਮੀ **ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ** ਅਤੇ **ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। . . .**

**ਲਹੂ ਦੇ ਨੇਮ ਦੇ ਕਾਰਨ**, ਜੋ ਘੋਸ਼ਣਾ ਕਰਦਾ ਹੈ "ਮੈਂ ਤੇਰੇ ਲਈ ਜੀਵਾਂਗਾ ਅਤੇ ਤੇਰੇ ਲਈ ਮਰਾਂਗਾ" (ਇਹੋ ਵਿਆਹ ਦੇ ਨੇਮ ਵਿੱਚ)

- **ਯਿਸੂ ਸਾਡੇ ਲਈ ਮਰਿਆ! ਉਸ ਨੇ ਸਾਡਾ ਸਥਾਨ ਲਿਆ!**

- ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ**। ਰੋਮੀਆਂ 5:8

  - **ਕਿਉਂ?** ਯਿਸੂ ਪਾਪੀਆਂ ਲਈ ਮਰਨ ਵਾਸਤੇ ਇੱਛੁਕ ਕਿਉਂ ਹੋਵੇਗਾ?

  - ਅਸੀਂ ਉਸ ਨਾਲ ਨੇਮ ਵਿੱਚ ਨਹੀਂ ਸੀ, ਕੀ ਅਸੀਂ ਸੀ? **ਹਾਂ ਅਸੀਂ ਸੀ!** ਅਬਰਾਹਾਮ **ਅਤੇ ਉਸ ਦੀ ਅੰਸ** ਦੇ ਨਾਲ ਨੇਮ ਦੇ ਕਾਰਨ। (ਰੋਮੀਆਂ 4:8-18)
  - ਗਲਾਤੀਆਂ 4:28 ਪਰ ਹੇ ਭਰਾਵੋ, ਅਸੀਂ ਇਸਹਾਕ ਵਾਂਙੁ **ਬਚਨ ਦੀ ਸੰਤਾਨ ਹਾਂ।**

  - ਕੂਚ ਵਿੱਚ, ਪਸਾਹ ਦੇ ਲੇਲੇ ਦਾ ਲਹੂ ਅਬਰਾਹਾਮ ਦੇ ਨਾਲ ਨੇਮ ਦੇ **ਕਾਰਨ** ਸੀ। ਉਸੇ ਤਰ੍ਹਾਂ ਪਰਮੇਸ਼ੁਰ ਦੇ ਲੇਲੇ ਦਾ ਲਹੂ ਅਬਰਾਹਾਮ ਦੇ ਨਾਲ ਨੇਮ ਦੇ **ਕਾਰਨ** ਹੈ। (ਕੂਚ 2:24)

    ਕੂਚ 12:3 . . . ਆਪੋ ਆਪਣੇ ਪਿਤ੍ਰਾਂ ਦੇ ਘਰਾਣੇ ਅਨੁਸਾਰ ਹਰ ਘਰ ਪਿੱਛੇ ਇੱਕ ਇੱਕ ਲੇਲਾ ਲਵੇ।

    ਸਾਡੇ ਪਿਤਾ ਨੇ ਆਪਣੇ ਘਰਾਣੇ ਲਈ ਲੇਲਾ ਮੁਹੱਈਆ ਕਰਾਇਆ।

    ਰੋਮੀਆਂ 5:8-10 ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ। ਸੋ ਜਦੋਂ ਅਸੀਂ ਹੁਣ **ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ ਬਹੁਤ ਵੱਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ। ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ **ਅਸੀਂ** ਇਸ ਨਾਲੋਂ ਬਹੁਤ ਵੱਧ ਕੇ **ਉਹ ਦੇ ਜੀਵਨ ਦੁਆਰਾ ਬਚ ਜਾਵਾਂਗੇ।**

    - ਲਹੂ ਦੇ ਨੇਮ ਵਿੱਚ – **ਦੋ ਇੱਕ ਹਨ** – ਤੁਸੀਂ ਦੂਸਰੇ ਲਈ **ਜੀਉਂਦੇ** ਹੋ ਅਤੇ ਤੁਸੀਂ ਦੂਸਰੇ ਲਈ **ਮਰਦੇ** ਹੋ!

- ਉਹ ਨੇ ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ। 2 ਕੁਰਿੰਥੀਆਂ 5:21

- ❖ ਰੋਮੀਆਂ 4:7 ਧੰਨ ਓਹ ਜਿਨ੍ਹਾਂ ਦੇ **ਅਪਰਾਧ ਖਿਮਾ ਹੋ ਗਏ, ਅਤੇ ਜਿਨ੍ਹਾਂ ਦੇ ਪਾਪ ਢੱਕੇ ਹੋਏ ਹਨ**।
- ❖ ਕੁਲੁੱਸੀਆਂ 2:13 ਅਤੇ ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ (ਮੂਸਾ ਦੇ ਵਾਂਗ) ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ **ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ**।

ਹਾਲੇਲੂਯਾਹ! ਪਰਮੇਸ਼ੁਰ ਦੀ ਸਤੂਤੀ ਹੋਵੇ! ਯਿਸੂ ਤੁਹਾਡਾ ਧੰਨਵਾਦ!

- ਪਹਿਲੇ ਪਤੀ ਪਤਨੀ ਦੀ ਟਾਈਪਲੋਜੀ

ਉਤਪਤ 2:21 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਗੂਹੜੀ ਨੀਂਦ ਭੇਜੀ ਸੋ ਉਹ ਸੌਂ ਗਿਆ ਅਤੇ **ਉਸ ਨੇ ਉਹ ਦੀਆਂ ਪਸਲੀਆਂ ਵਿੱਚੋਂ ਇੱਕ ਕੱਢ ਲਈ** ਅਤੇ ਉਹ ਦੀ ਥਾਂ ਮਾਸ ਭਰ ਦਿੱਤਾ।

ਹੱਵਾਹ ਆਦਮ ਦੇ "ਵਿੱਚ" ਸੀ ਅਤੇ ਉਸੇ ਦੇ ਵਿੱਚੋਂ ਬਾਹਰ ਆਈ। ਇਹ ਕਰਨ ਦੇ ਵਿੱਚ ਆਦਮ ਆਪਣੀ ਲਾੜੀ ਨੂੰ ਪਾਉਣ ਦੇ ਲਈ ਬਲੀਦਾਨ ਬਣਿਆ ਅਤੇ ਆਪਣੀ ਪੱਸਲੀ ਨੂੰ ਕੱਢਣ ਦੀ ਪ੍ਰਕਿਰਿਆ ਵਿੱਚ ਲਹੂ ਵਹਾਉਣ ਦੇ ਦੁਆਰਾ, ਆਪਣੀ ਲਾੜੀ ਨੂੰ ਜੀਵਨ ਦੇਣ ਲਈ ਬਲੀਦਾਨ ਬਣਿਆ। **ਇੱਕ ਲਹੂ ਦਾ ਨੇਮ**। ਉਹ ਇੱਕ ਸਨ: ਤਾਂ ਆਦਮੀ ਨੇ ਆਖਿਆ ਕਿ ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ ਅਤੇ ਮੇਰੇ ਮਾਸ ਵਿੱਚੋਂ ਮਾਸ ਹੈ ਸੋ ਇਹ ਇਸ ਕਾਰਨ ਨਾਰੀ ਅਖਵਾਏਗੀ ਜੋ ਇਹ ਨਰ ਵਿੱਚੋਂ ਕੱਢੀ ਗਈ ਹੈ। ਉਤਪਤ 2:23

ਇਸੇ ਤਰ੍ਹਾਂ ਯਿਸੂ ਦੀ ਦੁਲਹਨ ਵੀ ਉਸ ਤੋਂ ਆਈ:

1 ਯੂਹੰਨਾ 4:6 **ਅਸੀਂ ਪਰਮੇਸ਼ੁਰ ਤੋਂ ਹਾਂ**। ਜਿਹੜਾ ਪਰਮੇਸ਼ੁਰ ਨੂੰ ਜਾਣਦਾ ਹੈ ਉਹ ਸਾਡੀ ਸੁਣਦਾ ਹੈ। ਜੋ ਕੋਈ ਪਰਮੇਸ਼ੁਰ ਨੂੰ ਜਾਣਦਾ ਹੈ ਉਹ ਸਾਡੀ ਸੁਣਦਾ ਹੈ। ਜੋ ਕੋਈ **ਪਰਮੇਸ਼ੁਰ ਤੋਂ ਨਹੀਂ**, ਉਹ ਸਾਡੀ ਨਹੀਂ ਸੁਣਦਾ। ਇਸ ਤੋਂ ਅਸੀਂ ਸਚਿਆਈ ਦੇ ਆਤਮਾ ਅਤੇ ਬਦਰਾਹੀ ਦੇ ਆਤਮਾ ਨੂੰ ਜਾਣ ਲੈਂਦੇ ਹਾਂ।

ਅਫਸੀਆਂ 1:4 ਉਸ ਨੇ ਉਸ ਵਿੱਚ ਸਾਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਚੁਣ ਲਿਆ

ਯਿਰਮਿਯਾਹ 1:5 ਏਹ ਤੋਂ ਪਹਿਲਾਂ ਕਿ ਮੈਂ ਤੈਨੂੰ ਢਿੱਡ ਵਿੱਚ ਸਾਜਿਆ ਮੈਂ ਤੈਨੂੰ ਜਾਣਦਾ ਸਾਂ

ਯੂਹੰਨਾ 3:3 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ **ਨਵੇਂ ਸਿਰਿਓਂ** ਨਾ **ਜੰਮੇ** (ਸ਼ਾਬਦਿਕ ਯੂਨਾਨੀ ਅਨੁਵਾਦ) ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸੱਕਦਾ।

(ਨੋਟਸ ਵੇਖੋ: ਉਤਾਂਹ ਤੋਂ ਜਨਮੇ)

ਗਲਾਤੀਆਂ 4:26 ਪਰ ਯਰੁਸ਼ਲਮ ਜੋ **ਉਤਾਹਾਂ** ਹੈ ਉਹ ਅਜ਼ਾਦ ਹੈ, ਉਹ **ਸਾਡੀ ਮਾਤਾ ਹੈ**। (28) **ਪਰ ਹੇ ਭਰਾਵੋ, ਅਸੀਂ ਇਸਹਾਕ ਵਾਂਙੁ ਬਚਨ ਦੀ ਸੰਤਾਨ ਹਾਂ**। ਇਸਹਾਕ ਦਾ ਜਨਮ ਪਰਮੇਸ਼ੁਰ ਦੁਆਰਾ ਉਤਾਂਹ ਤੋਂ ਠਹਿਰਾਇਆ ਗਿਆ ਸੀ ਅਤੇ ਇਸ ਦਾ ਵਾਅਦਾ ਕੀਤਾ ਗਿਆ ਸੀ।

ਪਰ ਬਾਅਦ ਵਿੱਚ, ਆਦਮ ਦੀ ਦੁਲਹਨ ਨੇ ਪਾਪ ਕੀਤਾ ਅਤੇ ਆਦਮ ਨੇ **ਉਸ ਨੂੰ ਨਾ ਤਿਆਗਣ ਦਾ ਫੈਸਲਾ ਲਿਆ** – ਉਹ ਉਸ ਤੋਂ ਸੀ – ਉਹ ਇੱਕ ਸਨ – ਨੇਮ ਦੇ ਵਿੱਚ ਇਕੱਠੇ, ਉਹ ਇਕੱਠੇ ਜੀਉਂਦੇ ਰਹੇ ਅਤੇ ਇਕੱਠੇ ਰਹੇ,

ਇਸ ਲਈ ਆਦਮ ਨੇ ਵੀ ਮਨ੍ਹਾ ਕੀਤੇ ਹੋਏ ਫਲ ਨੂੰ ਖਾਧਾ: ਉਸ ਨੇ ਉਹ ਦੇ ਫਲ ਤੋਂ ਲਿਆ ਤੇ ਆਪ ਖਾਧਾ ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਖਾਧਾ। ਉਤਪਤ 3:6

- **ਉਸ ਦੇ ਨਾਲ** ਉਸ ਦੀ ਮੌਤ ਵੀ **ਉਸ ਲਈ** ਅਤੇ ਉਸ ਦੀ ਮੁਕਤੀ ਬਣ ਗਈ
  ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਉਹ ਇਸਤਰੀ ਲਈ ਚਮੜੇ (ਲਹੂ ਵਹਾਇਆ) ਦੇ ਚੋਲੇ ਬਣਾਕੇ ਉਨ੍ਹਾਂ ਨੂੰ ਪਵਾਏ। ਉਤਪਤ 3:21

  ਜਿਵੇਂ ਯਿਸੂ ਨੇ ਆਪਣੀ ਦੁਲਹਨ ਬਾਰੇ ਆਖਿਆ:
  **ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।** ਇਬਰਾਨੀਆਂ 13:5

- ਉਸ ਦੀ **ਆਪਣੀ ਦੁਲਹਨ ਦੇ ਨਾਲ** ਅਤੇ **ਦੁਲਹਨ ਲਈ** ਮੌਤ ਸਾਡੀ ਮੁਕਤੀ ਬਣੀ। ਅਸੀਂ "ਉਸ ਤੋਂ" ਨਿੱਕਲੇ, ਉਸ ਨਾਲ ਨੇਮ ਵਿੱਚ ਸੀ।

ਆਦਮ ਅਤੇ ਹੱਵਾਹ ਨੇ ਰੋਜ਼ਾਨਾ ਆਪਣੀ **ਅਣ-ਆਗਿਆਕਾਰੀ** ਦੇ **ਨਤੀਜੇ** ਨੂੰ ਭੋਗਿਆ ਅਤੇ ਪਾਪ ਦੀ ਮਜ਼ੂਰੀ ਦੇ ਰੂਪ ਵਿੱਚ **ਸਰੀਰਕ ਮੌਤ** ਨੂੰ ਭੋਗਿਆ (ਰੋਮੀਆਂ 6:23)। ਜ਼ਮੀਨ ਤੇਰੇ ਕਾਰਨ ਸਰਾਪਤ ਹੋਈ . . ਜਦ ਤੀਕ ਤੂੰ ਮਿੱਟੀ ਵਿੱਚ ਫੇਰ ਨਾ ਮੁੜੇਂ ਕਿਉਂ ਜੋ ਤੂੰ ਉਸ ਤੋਂ ਕੱਢਿਆ ਗਿਆ ਸੀ। ਤੂੰ ਮਿੱਟੀ ਹੈਂ ਅਤੇ ਮਿੱਟੀ ਵਿੱਚ ਤੂੰ ਮੁੜ ਜਾਵੇਂਗਾ। ਉਤਪਤ 3:17-19

ਪਰਮੇਸ਼ੁਰ ਸਾਡੇ ਕੰਮਾਂ ਦੀ ਪਰਵਾਹ ਕੀਤੇ ਬਿਨ੍ਹਾਂ ਆਪਣੇ ਬਚਨ / ਆਪਣੇ ਨੇਮ ਨਾਲ ਵਫ਼ਾਦਾਰ ਹੈ। ਸਾਨੂੰ ਆਪਣੀ ਪਤਨੀ ਜਾਂ ਆਪਣੇ ਪਤੀ ਦੇ ਕੰਮਾਂ ਦੀ ਪਰਵਾਹ ਕੀਤੇ ਬਿਨ੍ਹਾਂ ਆਪਣੀਆਂ ਸੌਂਹਾਂ ਨਾਲ ਵਫ਼ਾਦਾਰ ਹੋਣਾ ਚਾਹੀਦਾ ਹੈ।

ਜ਼ਬੂਰ 89:31-34 ਜੇ ਓਹ ਮੇਰੀਆਂ ਬਿਧੀਆਂ ਨੂੰ ਵਿਗਾੜ ਦੇਣ, ਅਤੇ ਮੇਰੇ ਹੁਕਮਾਂ ਦੀ ਪਾਲਨਾ ਨਾ ਕਰਨ, ਤਾਂ ਮੈਂ ਡੰਡੇ ਨਾਲ ਉਨ੍ਹਾਂ ਦੇ ਅਪਰਾਧਾਂ ਦੀ ਅਤੇ ਕੋਰੜਿਆਂ ਨਾਲ ਉਨ੍ਹਾਂ ਦੀ ਬਦੀ ਦੀ ਸਜ਼ਾ ਦਿਆਂਗਾ। ਪਰ ਮੈਂ ਆਪਣੀ ਦਯਾ ਉਸ ਤੋਂ ਹਟਾ ਨਾ ਲਵਾਂਗਾ, ਨਾ ਆਪਣੀ ਵਫ਼ਾਦਾਰੀ ਛੱਡ ਕੇ ਝੂਠਾ ਹੋਵਾਂਗਾ। **ਮੈਂ ਆਪਣੇ ਨੇਮ ਨੂੰ ਭਰਿਸ਼ਟ ਨਾ ਕਰਾਂਗਾ, ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹ ਨੂੰ ਨਾ ਬਦਲਾਂਗਾ।**

ਕਿਉਂਕਿ ਆਦਮ ਅਤੇ ਹੱਵਾਹ ਪਰਮੇਸ਼ੁਰ ਦੇ ਸਨ ਅਤੇ ਉਸੇ ਦੁਆਰਾ ਹੋਂਦ ਵਿੱਚ ਆਏ ਸਨ, ਉਸ ਨੇ ਦੂਸਰੇ ਦਾ ਜੀਵਨ ਦਿੱਤਾ - **ਲਹੂ** ਵਹਾਉਣਾ - ਸਦੀਪਕ ਜੀਵਨ ਲਈ ਉਨ੍ਹਾਂ ਦੇ ਪ੍ਰਸਾਚਿਤ ਨੂੰ ਪ੍ਰਾਪਤ ਕਰਨ ਲਈ ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਉਹ ਇਸਤਰੀ ਲਈ ਚਮੜੇ ਦੇ ਚੋਲੇ ਬਣਾਕੇ ਉਨ੍ਹਾਂ ਨੂੰ ਪਵਾਏ (ਉਤਪਤ 3:21)।
ਬਲੀਦਾਨ ਦੇ ਜਾਨਵਰ ਨੂੰ ਮਰਨਾ ਸੀ, **ਲਹੂ** ਵਹਾਇਆ ਜਾਂਦਾ ਸੀ।

ਇਹ ਇੱਕ ਕਿਸਮ ਹੈ, ਇੱਕ ਪਰਛਾਵਾਂ, ਜੋ ਪਰਮੇਸ਼ੁਰ ਦੇ ਦੁਆਰਾ ਆਪਣੇ ਲੇਲੇ ਨੂੰ ਸਾਡੇ ਪਾਪਾਂ ਦੀ ਮਾਫ਼ੀ ਲਈ ਦਿੱਤੇ ਜਾਣ ਨੂੰ ਵਿਖਾਉਂਦਾ ਹੈ ਤਾਂ ਕਿ ਸਾਨੂੰ ਸਦੀਪਕ ਜੀਵਨ ਮਿਲੇ। ਉਹ ਨੇ ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ। 2 ਕੁਰਿੰਥੀਆਂ 5:21

ਇਸੇ ਤਰ੍ਹਾਂ ਯਿਸੂ ਜੋ ਕਿ "ਆਖਰੀ ਆਦਮ" ਸੀ ਆਪਣਾ **ਲਹੂ** ਵਹਾਉਣ ਦੇ ਦੁਆਰਾ ਆਪਣੀ ਗਿਰੀ ਹੋਈ ਦੁਲਹਨ ਨੂੰ ਜੀਵਨ ਦੇਣ ਲਈ ਬਲੀਦਾਨ ਸੀ। ਇੱਕ ਲਹੂ ਦਾ ਨੇਮ। ਸਾਰੇ ਇੱਕ। ਯੂਹੰਨਾ 19:34 ਪਰ ਸਿਪਾਹੀਆਂ ਵਿੱਚੋਂ ਇੱਕ ਨੇ ਬਰਛੀ ਨਾਲ ਉਹ ਦੀ ਵੱਖੀ ਵਿੰਨ੍ਹੀ ਅਤੇ ਓਵੇਂ ਹੀ **ਲਹੂ ਅਤੇ ਪਾਣੀ** ਨਿੱਕਲਿਆ।

ਅਫਸੀਆਂ 5:25-33 ਹੇ ਪਤਿਓ, **ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।** (26) ਭਈ ਉਸ ਨੂੰ ਜਲ ਦੀ ਅਸ਼ਨਾਨ ਤੋਂ ਬਾਣੀ ਨਾਲ ਸ਼ੁੱਧ ਕਰ ਕੇ ਪਵਿੱਤਰ ਕਰੇ। (27) ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸਿਯਾ ਤਿਆਰ ਕਰੇ ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ। (28) ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ। **ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ।**

ਕਿਉਂਕਿ: **ਦੋ ਇੱਕ ਹਨ।** ਹਰੇਕ ਮਰਦ ਅਤੇ ਔਰਤ ਵਿਆਹ ਦੇ ਮਿਲਾਪ ਦੀ ਪਹਿਲੀ ਕਿਰਿਆ ਦੇ ਦੁਆਰਾ ਲਹੂ ਦੇ ਇੱਕ ਨੇਮ ਵਿੱਚ ਦਾਖਲ ਹੁੰਦੇ ਹਨ ਜਦੋਂ ਹਾਈਮਨ ਝਿੱਲੀ ਦੇ ਟੁੱਟਣ ਕਾਰਨ ਲਹੂ ਵਹਾਇਆ ਜਾਂਦਾ ਹੈ, ਜੋ ਕਿ ਨੇਮ ਨੂੰ ਪੂਰਾ ਕਰਦਾ ਹੈ।

(29) ਕਿਉਂ ਜੋ ਕਿਸੇ ਨੇ **ਆਪਣੇ ਸਰੀਰ** ਨਾਲ ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ ਪਾਲਦਾ ਪਲੋਸਦਾ ਹੈ ਜਿਵੇਂ ਮਸੀਹ ਵੀ ਕਲੀਸਿਯਾ ਨੂੰ (30) ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ। (31) ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ **ਓਹ ਦੋਵੇਂ ਇੱਕ ਸਰੀਰ ਹੋਣਗੇ**। (32) **ਇਹ ਭੇਤ ਤਾਂ ਵੱਡਾ ਹੈ** ਪਰ ਮੈਂ ਮਸੀਹ ਅਤੇ ਕਲੀਸਿਯਾ ਦੇ ਵਿਖੇ ਬੋਲਦਾ ਹਾਂ। (33) ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ ਆਪਣੀ ਪਤਨੀ ਨਾਲ ਆਪਣੇ ਹੀ ਜਿਹਾ ਪ੍ਰੇਮ ਕਰੇ ਅਰ ਪਤਨੀ ਆਪਣੇ ਪਤੀ ਦਾ ਮਾਨ ਕਰੇ।

- ਜਦੋਂ ਪਰਤਾਵਾ ਆਉਂਦਾ ਹੈ, **ਇੱਕ ਨੇਮ ਦਾ ਮਨੁੱਖ** - ਭੱਜਦਾ ਹੈ!

ਉਤਪਤ 39:7 ਤਾਂ ਏਹਨਾਂ ਗੱਲਾਂ ਦੇ ਪਿੱਛੋਂ ਐਉਂ ਹੋਇਆ ਕਿ ਉਸ ਦੇ ਸਵਾਮੀ ਦੀ ਇਸਤਰੀ ਆਪਣੀਆਂ ਅੱਖਾਂ ਯੂਸੁਫ਼ ਨਾਲ ਲਾਉਣ ਲੱਗ ਪਈ ਅਰ ਉਸ ਉਹ ਨੂੰ ਆਖਿਆ, ਤੂੰ ਮੇਰੇ ਨਾਲ ਲੇਟ। (8) ਪਰ **ਉਸ ਨੇ ਨਾ ਮੰਨਿਆ** (9) ਮੈਂ ਐੱਡੀ **ਵੱਡੀ ਬੁਰਿਆਈ** ਅਤੇ ਪਾਪ ਪਰਮੇਸ਼ਰ ਦੇ ਵਿਰੁੱਧ ਕਿਵੇਂ ਕਰਾਂ? (12) ਤਾਂ ਉਸ ਨੇ ਉਸ ਦਾ ਕੱਪੜਾ ਫੜ ਕੇ ਆਖਿਆ, ਮੇਰੇ ਨਾਲ ਲੇਟ ਤਾਂ ਉਹ ਆਪਣਾ ਕੱਪੜਾ ਉਸ ਦੇ ਹੱਥ ਵਿੱਚ ਛੱਡ ਕੇ **ਨੱਠਾ ਅਰ ਬਾਹਰ ਨਿੱਕਲਿਆ**।

**ਇਬਰਾਨੀਆਂ 13:4** ਵਿਆਹ ਕਰਨਾ ਸਭਨਾਂ ਵਿੱਚ ਆਦਰ ਜੋਗ ਗਿਣਿਆ ਜਾਵੇ ਅਤੇ ਵਿਛਾਉਣਾ ਬੇਦਾਗ ਰਹੇ ਕਿਉਂ ਜੋ ਪਰਮੇਸ਼ੁਰ ਹਰਾਮਕਾਰਾਂ ਅਤੇ ਵਿਭਚਾਰੀਆਂ ਦਾ ਨਿਆਉਂ ਕਰੇਗਾ।

**ਮੱਤੀ 5:27-28** ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ। ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਇਸਤਰੀ ਨੂੰ **ਬੁਰੀ ਇੱਛਿਆ** ਕਰਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ।

- **ਕਾਮਨਾ ਸਾਡੇ ਵਿੱਚ ਹੈ। ਪਰ ਇਸ ਤੋਂ ਕੰਮ ਪੈਦਾ ਨਹੀਂ ਹੋਣੇ ਚਾਹੀਦੇ।**
- **ਕਿਸੇ ਹੋਰ ਨੂੰ ਨੁਕਸਾਨ ਨਾ ਪਹੁੰਚਾਓ, ਖਰਾਬ ਨਾ ਕਰੋ, ਭ੍ਰਿਸ਼ਟ ਨਾ ਕਰੋ।**
- **ਕਾਮਨਾ ਸਾਡੇ ਵਿੱਚ ਹੈ, ਪਰ ਇਸ ਦਾ ਸਾਡੇ ਉੱਤੇ ਕਾਬੂ ਨਹੀਂ ਹੋਣਾ ਚਾਹੀਦਾ!**

❖ ਇਹ ਵਾਧਾ ਹੈ:

**ਯਾਕੂਬ 1:14-16** ਪਰ ਹਰ ਕੋਈ ਤਦੇ ਪਰਤਾਇਆ ਜਾਂਦਾ ਹੈ ਜਦੋਂ **ਆਪਣੀ ਹੀ ਕਾਮਨਾ ਨਾਲ ਲੁਭਾਇਆ** ਅਤੇ **ਭੁਚਲਾਇਆ ਜਾਂਦਾ ਹੈ**। ਤਦ **ਕਾਮਨਾ** ਜਾਂ ਗਰਭਣੀ ਹੋਈ ਤਾਂ **ਪਾਪ** ਨੂੰ ਜਣਦੀ ਹੈ, ਅਤੇ ਪਾਪ ਜਾਂ ਪੂਰੇ ਵਿੱਤ ਨੂੰ ਪੁੱਜਦਾ ਹੈ ਤਾਂ **ਮੌਤ** ਨੂੰ ਜਨਮ ਦਿੰਦਾ ਹੈ।

**1 ਯੂਹੰਨਾ 2:16** ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ **ਕਾਮਨਾ** ਅਤੇ ਨੇਤਰਾਂ ਦੀ **ਕਾਮਨਾ** ਅਤੇ ਜੀਵਨ ਦਾ **ਅਭਮਾਨ** ਸੋ ਪਿਤਾ ਤੋਂ **ਨਹੀਂ ਸਗੋਂ** ਸੰਸਾਰ **ਤੋਂ ਹੈ**।

1 ਪਤਰਸ 2:11 ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਪਰਦੇਸੀ ਅਤੇ ਮੁਸਾਫ਼ਰ ਹੋ ਕੇ **ਸਰੀਰਕ ਕਾਮਨਾਂ ਤੋਂ ਪਰੇ ਰਹੋ ਜਿਹੜੀਆਂ ਜਾਨ ਨਾਲ ਲੜਦੀਆਂ ਹਨ।**

ਤੁਹਾਨੂੰ ਪੂਰੀ ਤਰ੍ਹਾਂ ਨਾਲ ਇਸ ਤੋਂ ਭੱਜਣਾ ਜਾਂ ਦੂਰ ਰਹਿਣਾ ਚਾਹੀਦਾ ਹੈ:

ਅਸ਼ਲੀਲ ਵੀਡੀਓਜ਼ ਜਾਂ ਚਿੱਤਰ ਜਾਂ ਕਾਮਨਾ ਤੋਂ।

ਇਹ ਵਿਨਾਸ਼ਕਾਰੀ ਦੁਸ਼ਟ ਵੈਰੀ ਹੈ।

1 ਕੁਰਿੰਥੀਆਂ 6:12-20

ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ ਪਰੰਤੂ ਸੱਭੇ ਲਾਭਦਾਇਕ ਨਹੀਂ। ਸਾਰੀਆਂ ਵਸਤਾਂ ਮੇਰੇ ਲਈ ਉਚਿਤ ਹਨ ਪਰ **ਮੈਂ ਕਿਸੇ ਵਸਤ ਦੇ ਅਧੀਨ ਨਹੀਂ ਹੋਵਾਂਗਾ**। (13) ਭੋਜਨ ਪੇਟ ਦੇ ਲਈ ਅਤੇ ਪੇਟ ਭੋਜਨਾਂ ਦੇ ਲਈ ਪਰੰਤੂ ਪਰਮੇਸ਼ੁਰ ਉਹ ਦਾ ਨਾਲੇ ਇਨ੍ਹਾਂ ਦਾ ਨਾਸ ਕਰੇਗਾ ਪਰ **ਸਰੀਰ ਹਰਾਮਕਾਰੀ ਦੇ ਲਈ ਨਹੀਂ ਸਗੋਂ ਪ੍ਰਭੂ ਦੇ ਲਈ ਹੈ**

ਅਤੇ ਪ੍ਰਭੂ ਸਰੀਰ ਦੇ ਲਈ। (14) ਅਤੇ ਪਰਮੇਸ਼ੁਰ ਨੇ ਨਾਲੇ ਪ੍ਰਭੂ ਨੂੰ ਜਿਵਾ ਕੇ ਉਠਾਇਆ, ਨਾਲੇ ਸਾਨੂੰ ਆਪਣੀ ਸਮਰੱਥਾ ਨਾਲ ਜਿਵਾ ਕੇ ਉਠਾਏਗਾ। (15) ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੇ ਸਰੀਰ ਮਸੀਹ ਦੇ ਅੰਗ** (ਨੇਮ) **ਹਨ**? ਸੋ ਕੀ ਮੈਂ ਮਸੀਹ ਦੇ ਅੰਗ ਲੈ ਕੇ **ਕੰਜਰੀ ਦੇ ਅੰਗ** ਬਣਾਵਾਂ? (ਵਿਆਹ ਦੇ ਨੇਮ ਨੂੰ ਤੋੜਨਾ) ਕਦੇ ਨਹੀਂ! (16) ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਜੋ ਕੋਈ ਕੰਜਰੀ ਨਾਲ ਸੰਗ ਕਰਦਾ ਹੈ ਸੋ **ਉਹ ਦੇ ਨਾਲ ਇੱਕ ਦੇਹੀ ਹੈ**? ਕਿਉਂ ਜੋ ਉਹ ਆਖਦਾ ਹੈ ਭਈ ਓਹ ਦੋਵੇਂ ਇੱਕ ਸਰੀਰ ਹੋਣਗੇ। (17) ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ **ਉਹ ਦੇ ਨਾਲ ਇੱਕ ਆਤਮਾ ਹੈ**। (18) **ਹਰਾਮਕਾਰੀ ਤੋਂ ਭੱਜੋ**। ਹਰੇਕ ਪਾਪ ਜੋ ਮਨੁੱਖ ਕਰਦਾ ਹੈ ਸੋ ਸਰੀਰ ਦੇ ਬਾਹਰ ਹੈ ਪਰ ਜਿਹੜਾ ਹਰਾਮਕਾਰੀ ਕਰਦਾ ਹੈ ਉਹ ਆਪਣੇ ਹੀ ਸਰੀਰ ਦਾ ਪਾਪ ਕਰਦਾ ਹੈ। (19) ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? (20) ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।

## ਦਾਊਦ ਨੇ ਆਪਣਾ ਸਬਕ ਸਿੱਖਿਆ!

ਜ਼ਬੂਰ 101:3 ਮੈਂ **ਵਿਰਥੀ ਗੱਲ** ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਨਾ ਰੱਖਾਂਗਾ

ਜ਼ਬੂਰ 101:3 ਮੈਂ ਵਿਰਥੀ ਗੱਲ ਨੂੰ ਆਪਣੀਆਂ ਅੱਖਾਂ ਦੇ **ਸਾਹਮਣੇ ਨਾ ਰੱਖਾਂਗਾ**, ਫਿਰਤੂਆਂ ਦੀ ਕਰਤੂਤ ਤੋਂ ਮੈਨੂੰ ਘਿਣ ਹੈ, ਉਹ ਮੈਨੂੰ ਨਾ ਚੰਬੜੇਗੀ। (ਅੰਗਰੇਜ਼ੀ ਵਿੱਚ ਇਹ ਹਵਾਲਾ ਬਾਈਬਲ ਦੇ NLT ਸੰਸਕਰਣ ਤੋਂ ਲਿਆ ਗਿਆ ਹੈ)

ਕਹਾਉਤਾਂ 3:7 ਤੂੰ ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ, ਯਹੋਵਾਹ ਦਾ ਭੈ ਰੱਖ ਅਤੇ **ਬੁਰਿਆਈ ਤੋਂ ਲਾਂਭੇ ਰਹੁ**।

1 ਥੱਸਲੁਨੀਕੀਆ 5:22 **ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ।**

2 ਤਿਮੋਥਿਉਸ 2:22 ਪਰ **ਜੁਆਨੀ ਦੀਆਂ ਕਾਮਨਾਂ ਤੋਂ ਭੱਜ** ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ।

ਜ਼ਬੂਰ 15:1-4 ਹੇ ਯਹੋਵਾਹ, ਤੇਰੇ ਡੇਹਰੇ ਵਿੱਚ ਕੌਣ ਟਿਕੇਗਾ? ਤੇਰੇ ਪਵਿੱਤਰ ਪਹਾੜ ਉੱਤੇ ਕੌਣ ਵੱਸੇਗਾ? ਉਹੋ ਜਿਹੜਾ **ਸਿੱਧੀ** ਚਾਲ ਚੱਲਦਾ, **ਨੇਕੀ ਕਰਦਾ**, ਅਤੇ ਮਨੋਂ **ਸੱਚ ਬੋਲਦਾ** ਹੈ, ਉਹ ਜਿਹੜਾ ਆਪਣੀ ਜੀਭ ਨਾਲ ਚੁਗਲੀ ਨਹੀਂ ਕਰਦਾ, ਨਾ ਆਪਣੇ ਸਾਥੀ ਦਾ ਬੁਰਾ ਕਰਦਾ, ਅਤੇ ਨਾ ਆਪਣੇ ਗੁਆਂਢੀ ਨੂੰ ਉਲਾਹਮਾ ਦਿੰਦਾ ਹੈ। ਜਿਹ ਦੀਆਂ ਅੱਖਾਂ ਵਿੱਚ ਖੋਟਾ ਮਨੁੱਖ ਤੁੱਛ ਹੈ, ਪਰ ਯਹੋਵਾਹ ਤੋਂ ਭੈ ਕਰਨ ਵਾਲਿਆਂ ਦਾ ਆਦਰ ਕਰਦਾ ਹੈ। **ਜਿਹੜਾ ਸੌਂਹ ਖਾ ਕੇ ਮੁੱਕਰਦਾ ਨਹੀਂ, ਭਾਵੇਂ ਉਹ ਨੂੰ ਘਾਟਾ ਵੀ ਪਵੇ;** (ਨਿਆਈਆਂ 11:35)

**ਗੁਣ** – ਨੈਤਿਕ ਉੱਤਮਤਾ ਅਤੇ ਆਤਮਾ ਦੀ ਸੁੱਧਤਾਈ ਜੋ ਮੇਰੇ ਜੀਵਨ ਤੋਂ ਫੈਲਦੀ ਹੈ, ਜਦੋਂ ਮੈਂ ਪਰਮੇਸ਼ੁਰ ਦੇ ਬਚਨ ਦੀ ਪਾਲਣਾ ਕਰਦਾ ਹਾਂ।

. . . ਆਪਣੀ ਵੱਲੋਂ ਵੱਡਾ ਜਤਨ ਕਰ ਕੇ ਆਪਣੀ ਨਿਹਚਾ ਨਾਲ **ਨੇਕੀ** ਅਤੇ ਨੇਕੀ ਨਾਲ ਗਿਆਨ। 2 ਪਤਰਸ 1:5

ਨੇਮ ਦੇ ਸਬੰਧ ਨੂੰ ਨਿਭਾਇਆ ਗਿਆ

1 ਸਮੂਏਲ 18:1-8 ਦਾਊਦ ਅਤੇ ਯੋਨਾਥਾਨ

❖ ਯੋਨਾਥਾਨ ਦਾ ਜੀਅ ਦਾਊਦ ਦੇ ਜੀਅ ਨਾਲ "**ਰਲ**" ਗਿਆ ਸੀ (ਆਇਤ 1)
"ਰਲਣਾ" ਓਹੀ ਸ਼ਬਦ ਹੈ ਜਿਸ ਨੂੰ ਨਹਮਯਾਹ 4:6 ਵਿੱਚ ਵਰਤਿਆ ਗਿਆ ਸੀ, ਜੋ ਕਿ ਦੀਵਾਰ ਦੇ ਇਸ ਤਰ੍ਹਾਂ ਬਣਾਏ ਜਾਣ ਦਾ ਹਵਾਲਾ ਦਿੰਦਾ ਹੈ ਕਿ ਕੋਈ **ਵਿਹਲ / ਖਾਲੀ ਸਥਾਨ / ਮੋਰੀ ਨਾ** ਰਹੇ ਜਿਸ ਦੇ ਵਿੱਚੋਂ ਦੀ ਵੈਰੀ ਆ ਸਕੇ।

- ਅਫਸੀਆਂ 4:27 ਅਤੇ ਨਾ ਸ਼ਤਾਨ ਨੂੰ ਥਾਂ ਦਿਓ!
- ਨੇਮ ਵਿੱਚ, ਦੋਵੇਂ ਇੱਕ ਹਨ।

ਸਾਡਾ ਮਨ ਸਾਡੀ ਪਤਨੀ ਨਾਲ ਕਿੰਨਾ ਵਧੇਰੇ ਰਲਿਆ ਹੋਣਾ ਚਾਹੀਦਾ ਹੈ ਜਿਸ ਦੇ ਨਾਲ ਅਸੀਂ ਲਹੂ ਦੇ "ਖਾਸ" ਨੇਮ ਵਿੱਚ ਹਾਂ?

- ਤੁਸੀਂ ਕਿੰਨਾ ਚੰਗੀ ਤਰ੍ਹਾਂ ਆਪਣੀ ਪਤਨੀ ਨਾਲ "ਰਲੇ" ਹੋਏ ਹੋ?
- ਕੀ ਤੁਸੀਂ ਜੰਜ਼ੀਰ ਦੇ ਵਿੱਚ ਕਮਜ਼ੋਰ ਕੜੀ ਹੋ?

❖ ਇਹ ਆਖਦਾ ਹੈ ਕਿ ਯੋਨਾਥਾਨ ਦਾਊਦ ਨੂੰ ਆਪਣੀ ਜਾਨ ਦੇ ਵਾਂਗ ਪਿਆਰ ਕਰਦਾ ਸੀ। (ਆਇਤਾਂ 1 ਅਤੇ 3)

- ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ। ਅਫਸੀਆਂ 5:28-29
- ਯੂਹੰਨਾ 13:34 ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ।

(ਯੂਹੰਨਾ 13:34; 15:12; 15:17; ਰੋਮੀਆਂ 13:8; 1 ਥੱਸਲੁਨੀਕੀਆਂ 4:9; 1 ਪਤਰਸ

1:22; 1 ਯੂਹੰਨਾ 3:11; 3:23; 4:7; 4:11; 4:12; 2 ਯੂਹੰਨਾ 5)

- ਜੀਵਨ ਕੇਵਲ ਇੱਕ ਭਾਵਨਾ ਨਹੀਂ ਹੈ। ਪਿਆਰ ਪਹਿਲਾਂ ਅਤੇ ਸਭ ਤੋਂ ਵਧਕੇ ਇੱਕ ਸਮਰਪਣ ਹੈ।

**ਵਫ਼ਾਦਰੀ** – ਮੇਰੇ ਸਮਰਪਣ ਦੀ ਉਨ੍ਹਾਂ ਅੱਗੇ ਪੁਸ਼ਟੀ ਕਰਨ ਲਈ ਬਿਪਤਾ ਦੀ ਵਰਤੋਂ ਕਰਨਾ, ਜਿਨ੍ਹਾਂ ਦੀ ਸੇਵਾ ਕਰਨ ਲਈ ਪਰਮੇਸ਼ੁਰ ਨੇ ਮੈਨੂੰ ਬੁਲਾਇਆ ਹੈ। ਏਦੋਂ ਵੱਧ ਪਿਆਰ **ਕਿਸੇ** ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ। ਯੂਹੰਨਾ 15:13

- ਆਪਣੇ ਆਪ ਨੂੰ ਨੰਬਰ ਦਿਓ: ਕੀ ਬਿਪਤਾ ਤੁਹਾਡੇ ਸਮਰਪਣ ਦੀ ਪੁਸ਼ਟੀ ਕਰਦੀ ਹੈ ਜਾਂ ਤੁਹਾਡੇ ਸਮਰਪਣ / ਨੇਮ ਦੀ ਕਮਜ਼ੋਰੀ ਦੀ ਪੁਸ਼ਟੀ ਕਰਦੀ ਹੈ?

- ਪਿਆਰ ਦਿੰਦਾ ਹੈ – ਕਾਮਨਾ ਲੈਂਦੀ ਹੈ! ਸੱਚਾ ਪਿਆਰ ਨੇਮ ਦੇ ਸਮਰਪਣ ਵੱਲ ਲੈ ਕੇ ਜਾਂਦਾ ਹੈ।

❖ ਮਸੀਹ ਦੀ ਦੇਹ ਵਿੱਚ ਗਲਤਫ਼ਹਿਮੀ, ਈਰਖਾ, ਸ਼ੱਕ, ਆਦਿ ਲਈ ਕੋਈ ਸਥਾਨ ਨਹੀਂ ਹੋਣਾ ਚਾਹੀਦਾ ਹੈ, ਜਿਸ ਦੇ ਦੁਆਰਾ ਵੈਰੀ ਆ ਸਕਦਾ ਹੈ ਅਤੇ ਫੁੱਟ ਪਾ ਸਕਦਾ ਹੈ।

  - ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ  2 ਕੁਰਿੰਥੀਆਂ 2:11

❖ ਯੋਨਾਥਾਨ ਇਸਰਾਏਲ ਦੇ ਵਿੱਚ ਇੱਕ ਉਹ ਵਿਅਕਤੀ ਹੋ ਸਕਦਾ ਸੀ ਜੋ ਦਾਊਦ ਨਾਲ ਈਰਖਾ ਕਰਦਾ ਹੁੰਦਾ, ਕਿਉਂਕਿ ਉਹ ਯੋਨਾਥਾਨ ਦੇ ਆਪਣੇ ਪਿਤਾ ਤੋਂ ਬਾਅਦ ਅਗਲਾ ਰਾਜਾ ਬਣਨ ਦੇ ਵਿੱਚ ਇੱਕ ਡਰ ਸੀ। ਯੋਨਾਥਾਨ ਇੱਕ ਮਰਦ ਸੀ! ਇੱਕ ਪਰਮੇਸ਼ੁਰ ਦਾ ਮਨੁੱਖ!

- ਕਿਹੜੇ ਖੇਤਰ ਜਾਂ ਖੇਤਰਾਂ ਵਿੱਚ ਈਰਖਾ ਤੁਹਾਡੇ ਜੀਵਨ ਵਿੱਚ ਆਉਂਦੀ ਹੈ?

- ਯਾਕੂਬ 3:16  ਕਿਉਂਕਿ ਜਿੱਥੇ **ਈਰਖਾ** ਅਤੇ **ਧੜੇਬਾਜ਼ੀ** ਹੁੰਦੀ ਹੈ ਉੱਥੇ **ਘਮਸਾਣ** ਅਤੇ ਹਰ ਭਾਂਤ ਦਾ **ਮੰਦਾ** ਕੰਮ ਹੁੰਦਾ ਹੈ।

- ਫਿਲਿੱਪੀਆਂ 2:3  **ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ** ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ।

1 ਸਮੂਏਲ 18:4  ਤਦ ਯੋਨਾਥਾਨ ਨੇ **ਆਪਣਾ ਚੋਗਾ ਲਾਹ ਕੇ** ਆਪਣੀ **ਤਲਵਾਰ, ਧਣੁਖ** ਅਤੇ **ਪਟਕੇ** ਤੀਕੁਰ ਆਪਣੇ **ਕੱਪੜੇ** ਵੀ **ਦਾਊਦ ਨੂੰ ਦੇ ਦਿੱਤੇ**।

❖ ਯੋਨਾਥਾਨ ਆਖਦਾ ਸੀ:

- "ਮੈਂ ਆਪਣੇ ਆਪ ਨਾਲੋਂ ਜ਼ਿਆਦਾ ਮਹੱਤਤਾ ਤੈਨੂੰ ਦਿੰਦਾ ਹਾਂ"
- "ਮੈਂ ਤੈਨੂੰ ਸਫ਼ਲ ਕਰਨ ਲਈ ਜੀਉਂਦਾ ਹਾਂ"।
- "ਜੋ ਮੇਰਾ ਹੈ ਉਹ ਤੇਰਾ ਹੈ"।
- ਮੈਂ ਤੇਰੇ ਨਾਲ ਖੜ੍ਹਾ ਹੋਵਾਂਗਾ ਅਤੇ ਤੇਰੇ ਨਾਲ ਅਤੇ ਤੇਰੇ ਲਈ ਲੜਾਂਗਾ"।
- ਨੇਮ ਦੇ ਵਿੱਚ ਤੁਸੀਂ ਇੱਕ ਦੂਸਰੇ ਲਈ ਵਿਚੋਲਗੀ ਕਰਦੇ ਹੋ (1 ਸਮੂਏਲ 19:1-6) ਅਤੇ
- ਇੱਕ ਦੂਸਰੇ ਦੀ ਉੱਠਣ ਵਿੱਚ ਮਦਦ ਕਰਦੇ ਹੋ ਜਦੋਂ ਕੋਈ ਡਿੱਗਦਾ ਹੈ (ਗਲਾਤੀਆਂ 6:1-2)

❖ ਨੇਮ ਦੇ ਚਿੰਨ੍ਹ ਵਜੋਂ, ਯੋਨਾਥਾਨ ਨੇ **ਆਪਣੀ ਸ਼ਾਹੀ ਪੁਸ਼ਾਕ ਲਾਹੀ** ਅਤੇ ਇਹ ਦਾਊਦ ਨੂੰ ਪਹਿਨਾਈ (ਆਇਤ 4)। ਇਹ ਯੋਨਾਥਾਨ ਦੀ **ਆਪਣੀ ਪਦਵੀ ਤੋਂ ਹੇਠਾਂ ਉੱਤਰਨ** ਦੀ ਇੱਛਾ ਦਾ ਚਿੰਨ੍ਹ ਸੀ - ਇਸਰਾਏਲ ਦਾ ਅਗਲਾ ਰਾਜਾ - ਅਤੇ ਉਹ ਪਦਵੀ ਦਾਊਦ ਨੂੰ ਦੇਣ ਦਾ। ਅਤੇ ਇਹ ਕਿ ਉਹ ਇੱਕ ਦਾਸ ਹੋਵੇਗਾ!

- ਨੇਮ ਵਿੱਚ, ਅਸੀਂ ਦੂਸਰੇ ਨੂੰ ਸਫ਼ਲ ਕਰਨ ਲਈ ਹਰ ਸੰਭਵ ਕੰਮ ਕਰਦੇ ਹਾਂ।

- ਰੋਮੀਆਂ 12:10 ਭਰੱਪਣ ਦੇ ਪ੍ਰੇਮ ਵਿੱਚ ਇੱਕ ਦੂਏ ਨਾਲ ਗੂੜ੍ਹਾ ਹਿਤ ਰੱਖੋ, ਆਦਰ ਵਿੱਚ ਦੂਏ ਨੂੰ ਚੰਗਾ ਸਮਝੋ,

- ਇਸ ਲਈ ਅਸੀਂ ਆਪਣੇ ਆਪ ਤੋਂ ਮਰਨਾ ਹੈ, ਤਾਂ ਕਿ ਅਸੀਂ ਗੰਭੀਰਤਾ ਨਾਲ ਅਤੇ ਦਿਲ ਤੋਂ ਇਹ ਇੱਛਾ ਕਰੀਏ ਕਿ ਸਾਡੀਆਂ ਪਤਨੀਆਂ ਅਤੇ ਸਾਡੇ ਭਰਾ ਵੱਡੇ ਅਤੇ ਉੱਚੇ ਹੋਣ ਅਤੇ ਸਾਡੇ ਨਾਲੋਂ ਜ਼ਿਆਦਾ ਆਦਰ ਪਾਉਣ। ਅਸੀਂ ਇਹ ਹੋਣ ਦੇਣ ਲਈ ਕੰਮ ਕਰਨਾ / ਸੇਵਾ ਕਰਨੀ ਹੈ।

- ਪਤੀਆਂ ਨੇ ਆਪਣੀਆਂ ਪਤਨੀਆਂ ਦੀ ਸੇਵਾ ਕਰਨ ਅਤੇ ਆਦਰ ਕਰਨ ਦੇ ਦੁਆਰਾ ਅਗਵਾਈ ਕਰਨੀ ਹੈ। ਮੱਤੀ 23:11 ਪਰ ਉਹ ਜਿਹੜਾ ਤੁਹਾਡੇ ਵਿੱਚੋਂ ਹੋਰਨਾਂ ਨਾਲੋਂ ਵੱਡਾ ਹੈ ਸੋ ਤੁਹਾਡਾ ਟਹਿਲੂਆ ਹੋਵੇ।

ਭਰੋਸੇਯੋਗ - ਜੋ ਕਰਨ ਦੀ ਮੈਂ ਸਹਿਮਤੀ ਦਿੱਤੀ ਹੈ (ਸੌਂਹਾਂ) ਉਸ ਨੂੰ ਪੂਰਾ ਕਰਨਾ ਭਾਵੇਂ ਇਸ ਲਈ ਮੈਨੂੰ (ਮੇਰੀ ਪਤਨੀ ਜਾਂ ਦੂਸਰਿਆਂ ਨੂੰ ਨਹੀਂ) ਉਮੀਦ ਤੋਂ ਵਧਕੇ ਬਲੀਦਾਨ ਦੇਣਾ ਪਵੇ।

ਜ਼ਬੂਰ 15:4 ਜਿਹ ਦੀਆਂ ਅੱਖਾਂ ਵਿੱਚ ਖੋਟਾ ਮਨੁੱਖ ਤੁੱਛ ਹੈ, ਪਰ ਯਹੋਵਾਹ ਤੋਂ ਭੈ ਕਰਨ ਵਾਲਿਆਂ ਦਾ ਆਦਰ ਕਰਦਾ ਹੈ। ਜਿਹੜਾ ਸੌਂਹ ਖਾ ਕੇ ਮੁੱਕਰਦਾ ਨਹੀਂ, ਭਾਵੇਂ ਉਹ ਨੂੰ ਘਾਟਾ ਵੀ ਪਵੇ,

ਗਿਣਤੀ 30:2 ਜਦ ਕੋਈ ਮਨੁੱਖ ਯਹੋਵਾਹ ਲਈ ਸੁੱਖਣਾ ਸੁੱਖੇ ਅਥਵਾ ਸੌਂਹ ਖਾਵੇ ਅਤੇ ਆਪਣੇ ਜੀਉ ਨੂੰ ਉਸ ਗੱਲ ਉੱਤੇ ਬੰਨ੍ਹ ਲਵੇ ਤਾਂ ਉਹ ਆਪਣਾ ਬਚਨ ਨਾ ਤੋੜੇ ਪਰ ਜੋ ਕੁਝ ਉਸ ਦੇ ਮੂੰਹ ਤੋਂ ਨਿੱਕਲਦਾ ਹੈ ਉਹ ਉਸ ਨੂੰ ਪੂਰਾ ਕਰੇ।

ਬਿਵਸਥਾਸਾਰ 23:21 ਜਦ ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦੀ ਸੁਖਨਾਂ ਸੁੱਖੇਂ ਤਾਂ ਉਸ ਦੇ ਪੂਰਾ ਕਰਨ ਵਿੱਚ ਢਿੱਲ ਨਾ ਪੈਣ ਦੇਵੀਂ ਕਿਉਂ ਜੋ ਯਹੋਵਾਹ ਤੇਰਾ ਪਰਮੇਸ਼ੁਰ ਤੈਥੋਂ ਜ਼ਰੂਰ ਪੂਰਾ ਪੂਰਾ ਲਵੇਗਾ ਅਤੇ ਉਹ ਢਿੱਲ ਤੇਰੇ ਲਈ ਪਾਪ ਹੋਵੇਗੀ।

- ❖ ਜੇਕਰ ਜ਼ਰੂਰਤ ਹੋਵੇ ਤਾਂ ਸਾਨੂੰ ਉਨ੍ਹਾਂ ਦੀਆਂ **ਗਲਤੀਆਂ** ਨੂੰ **ਢੱਕਣ** ਲਈ ਆਪਣੀ **ਪੁਸ਼ਾਕ** ਲੈਣੀ ਚਾਹੀਦੀ ਹੈ, ਜਿਨ੍ਹਾਂ ਨਾਲ ਅਸੀਂ ਨੇਮ ਵਿੱਚ ਹਾਂ। ਸਾਨੂੰ ਆਪਣੀ ਪਤਨੀ, ਆਪਣੇ ਭਰਾ, ਆਪਣੀ ਭੈਣ ਨੂੰ ਦੂਸਰਿਆਂ ਦੀਆਂ ਨਜ਼ਰਾਂ ਵਿੱਚ ਆਦਰਯੋਗ ਬਣਾਉਣਾ ਹੈ।

    - ○ "ਸਾਡੀ ਪੁਸ਼ਾਕ" ਕੀ ਹੈ? - ਸਾਡੀ ਪਦਵੀ (ਇੱਕ ਮਸਲੇ ਉੱਤੇ), ਸਾਡੀ ਪ੍ਰਤਿਸ਼ਠਤਾ, ਜੋ ਸਾਨੂੰ ਦੂਸਰਿਆਂ ਦੀਆਂ ਨਜ਼ਰਾਂ ਵਿੱਚ ਚੰਗਾ ਵਿਖਾਉਂਦੀ ਹੈ।

- ❖ ਸਾਡੀ ਸਵੈ-ਸੁਰੱਖਿਆ ਦੇ ਸਾਰੇ **ਹਥਿਆਰ** ਉਸ ਦੀ ਸੁਰੱਖਿਆ ਲਈ ਦਿੱਤੇ ਜਾਣੇ ਚਾਹੀਦੇ ਹਨ ਜਾਂ ਵਰਤੇ ਜਾਣੇ ਚਾਹੀਦੇ ਹਨ ਜਿਸ ਦੇ ਨਾਲ ਅਸੀਂ ਨੇਮ ਦੇ ਵਿੱਚ ਹਾਂ।

ਕਹਾਉਤਾਂ 10:12 ਵੈਰ ਝਗੜੇ ਛੇੜਦਾ ਹੈ, ਪਰੰਤੂ ਪ੍ਰੇਮ ਸਭਨਾਂ ਅਪਰਾਧਾਂ ਨੂੰ **ਢੱਕ ਲੈਂਦਾ ਹੈ**।

1 ਪਤਰਸ 4:8 ਸਭ ਤੋਂ ਪਹਿਲਾਂ ਇਹ ਹੈ ਭਈ ਤੁਸੀਂ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ ਕਿਉਂ ਜੋ ਪ੍ਰੇਮ ਬਾਹਲਿਆਂ ਪਾਪਾਂ ਨੂੰ **ਢੱਕ ਲੈਂਦਾ ਹੈ**।

- ❖ ਇਹ ਨੇਮ ਦੇ ਵਿੱਚ ਭਰਾਵਾਂ / ਮਨੁੱਖਾਂ ਦਾ ਵਿਹਾਰ ਹੈ।

**ਆਪਣੇ ਆਪ ਤੋਂ ਲਗਾਤਾਰ ਮਰੇ** ਬਿਨ੍ਹਾਂ ਇਸ ਤਰ੍ਹਾਂ ਦੇ ਨੇਮ ਵਿੱਚ ਦਾਖਲ ਹੋਣਾ ਅਸੰਭਵ ਹੈ। ਸਾਰੀਆਂ ਸਮੱਸਿਆਵਾਂ ਜੋ ਜ਼ਿਆਦਾਤਰ ਵਿਆਹਾਂ ਅਤੇ ਵਿਸ਼ਵਾਸੀਆਂ ਦੀਆਂ ਮੰਡਲੀਆਂ ਨੂੰ ਦੁੱਖ ਪਹੁੰਚਾਉਂਦੀਆਂ ਹਨ ਉਹ ਇਸ ਕਾਰਨ ਉੱਠਦੀਆਂ ਹਨ ਕਿਉਂਕਿ ਵਿਸ਼ਵਾਸੀ ਇੱਕ ਦੂਸਰੇ ਨਾਲ ਨੇਮ ਦੇ ਸਬੰਧ ਵਿੱਚ ਨਹੀਂ ਰਹਿ ਰਹੇ ਹਨ। **ਹਰੇਕ ਆਪਣੇ ਭਲੇ ਲਈ ਲੋਚਦਾ ਹੈ।** ਇਸ ਦਾ ਅੰਤਿਮ ਨਤੀਜਾ ਇਹ ਹੁੰਦਾ ਹੈ ਕਿ ਸ਼ਤਾਨ ਨੂੰ ਇੱਕ ਚੌੜਾ ਖੁੱਲ੍ਹਾ ਦਰਵਾਜ਼ਾ ਦਿੱਤਾ ਜਾਂਦਾ ਹੈ। ਨੇਮ ਦੀ ਦੀਵਾਰ ਦੇ ਵਿੱਚ ਇੱਕ ਵੱਡਾ ਖਾਲੀ ਸਥਾਨ।

ਯਿਰਮਿਯਾਹ 6:13 ਓਹਨਾਂ ਵਿੱਚ ਛੋਟੇ ਤੋਂ ਲੈ ਕੇ ਵੱਡੇ ਤੀਕ ਸਾਰਿਆਂ ਦੇ **ਸਾਰੇ ਨਫ਼ੇ ਦੇ ਲੋਭੀ ਹਨ**, ਅਤੇ ਨਬੀ ਤੋਂ ਲੈ ਕੇ ਜਾਜਕ ਤੀਕ ਸਾਰਿਆਂ ਦੇ **ਸਾਰੇ ਧੋਖਾ ਕਰਦੇ ਹਨ**।

ਹਰੇਕ "ਆਪਣੀ ਪੁਸ਼ਾਕ" ਨੂੰ ਰੱਖਦਾ ਹੈ ਅਤੇ ਜੇਕਰ ਹੋ ਸਕੇ ਤਾਂ ਦੂਸਰੇ ਦੀ "ਪੁਸ਼ਾਕ" ਨੂੰ ਲੈਂਦਾ ਹੈ ਅਤੇ ਉਨ੍ਹਾਂ ਦੇ ਸਾਰੇ ਹਥਿਆਰਾਂ ਨੂੰ ਆਪਣੀ ਪਦਵੀ ਨੂੰ ਵਧਾਉਣ ਜਾਂ ਸੰਭਾਲਣ ਲਈ ਵਰਤਦਾ ਹੈ।

- ○ ਉਦਾਹਰਣ: ਲੂਕਾ 10:30-37 ਨੇਕ ਸਾਮਰੀ

1 ਪਤਰਸ 5:8 ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ! ਉਹ ਲੋਕਾਂ ਨੂੰ ਵਰਤਦਾ ਹੈ!

ਯੂਹੰਨਾ 10:10 ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ।

ਅਫਸੀਆਂ 4:27 ਅਤੇ ਨਾ ਸ਼ਤਾਨ ਨੂੰ ਥਾਂ ਦਿਓ!

2 ਕੁਰਿੰਥੀਆਂ 2:11 ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ

ਉੱਤਰ:

ਲੂਕਾ 9:23 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।

ਲੂਕਾ 14:27 ਜੇ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਆਵੇ ਮੇਰਾ ਚੇਲਾ ਨਹੀਂ ਹੋ ਸੱਕਦਾ।

**ਤੁਹਾਨੂੰ ਇਸ ਆਇਤ ਨੂੰ ਯਾਦ ਕਰਨਾ ਅਤੇ ਇਸ ਦੇ ਅਨੁਸਾਰ ਰਹਿਣਾ ਚਾਹੀਦਾ ਹੈ:** ਗਲਾਤੀਆਂ 2:20 ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ (ਭੂਤਕਾਲ ਵਿੱਚ ਸ਼ੁਰੂ ਹੋ ਕੇ ਵਰਤਮਾਨ ਵਿੱਚ ਚੱਲਣ ਵਾਲਾ – ਇਹ ਭੂਤਕਾਲ ਵਿੱਚ ਹੋਇਆ (ਜਦੋਂ ਮਸੀਹ ਸਲੀਬ ਉੱਤੇ ਚੜ੍ਹਾਇਆ ਗਿਆ) ਜਿਸ ਦੇ ਨਤੀਜੇ ਵਰਤਮਾਨ ਵਿੱਚ ਵੀ ਬਰਕਰਾਰ ਹਨ (ਮੈਂ ਉਜੇ ਵੀ ਸਲੀਬ ਉੱਤੇ ਚੜ੍ਹਾਇਆ ਗਿਆ ਹਾਂ) ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ **ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ** ਅਤੇ **ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।**

- ਇੱਕ "ਮਰੇ ਹੋਏ ਮਨੁੱਖ" ਦੀਆਂ ਕੀ ਇੱਛਾਵਾਂ ਹੁੰਦੀਆਂ ਹਨ?
- ਕੀ ਇੱਕ ਮਰਿਆ ਹੋਇਆ ਮਨੁੱਖ ਲਾਭ ਲਈ ਲਾਲਚੀ ਹੁੰਦਾ ਹੈ?
- ਕੀ ਉਹ ਆਪਣੇ ਆਪ ਨੂੰ ਬਚਾਉਂਦਾ ਹੈ? ਪਦਵੀ ਲਈ ਲੜਦਾ ਹੈ? ਜਾਂ ਤਰੱਕੀ ਲਈ?

- ❖ ਇਹ ਨੇਮ ਹੈ – ਵਿਅਕਤੀਗਤ ਰੂਪ ਵਿੱਚ, ਮੈਂ ਸੁਆਰਥੀ ਇੱਛਾਵਾਂ ਲਈ ਮੁਰਦਾ ਹਾਂ ਅਤੇ ਹੁਣ ਮੈਂ ਦੂਸਰਿਆਂ ਲਈ ਜੀਉਂਦਾ ਹਾਂ।

ਇਬਰਾਨੀਆਂ 9:16-19 ਜਿੱਥੇ ਵਸੀਅਤ ਹੈ ਉੱਥੇ ਉਹ ਦੇ ਕਰਨ ਵਾਲੇ ਦੀ ਮੌਤ ਨੂੰ ਸਾਬਤ ਕਰਨਾ ਪੈਂਦਾ ਹੈ। (17) ਕਿਉਂ ਜੋ ਵਸੀਅਤ ਤਾਂ ਹੀ ਪੱਕੀ ਹੁੰਦੀ ਹੈ **ਜਦੋਂ ਮੌਤ ਹੋਈ ਹੋਵੇ** ਅਤੇ ਜਿੰਨਾ ਚਿਰ ਵਸੀਅਤ ਕਰਨ ਵਾਲਾ ਜੀਉਂਦਾ ਹੈ ਉਹ ਕਿਸੇ ਕੰਮ ਦੀ ਨਹੀਂ। (18) ਇਸ ਕਰਕੇ ਪਹਿਲਾ ਨੇਮ ਵੀ ਲਹੂ ਬਿਨਾ ਨਹੀਂ ਕੀਤਾ ਗਿਆ।

ਸਾਨੂੰ ਨੇਮ ਨੂੰ ਸਮਝਣ ਦੀ ਲੋੜ ਹੈ ਅਤੇ ਪੂਰੀ ਤਰ੍ਹਾਂ ਨਾਲ ਉਸ ਸਬੰਧ ਵਿੱਚ ਰਹਿਣ ਦੀ ਲੋੜ ਹੈ:

❖ ਯੋਨਾਥਾਨ ਨੇ ਆਪਣੇ ਹਥਿਆਰ, ਆਪਣੀ ਤਲਵਾਰ, ਆਪਣਾ ਧੁਣੱਖ ਅਤੇ ਆਪਣੀ ਪੇਟੀ ਦਾਊਦ ਨੂੰ ਦਿੱਤੀ।

- ਸਾਨੂੰ ਉਸ **ਹਰੇਕ ਸੰਭਵ ਹਥਿਆਰ** ਨੂੰ ਸਮਰਪਿਤ ਕਰਨ ਦੀ ਲੋੜ ਹੈ ਜਿਸ ਨਾਲ ਅਸੀਂ ਆਪਣੀ ਪਤਨੀ, ਆਪਣੇ ਭਰਾ, ਆਪਣੀ ਭੈਣ ਨੂੰ ਕਿਸੇ ਤਰ੍ਹਾਂ ਨਾਲ ਨੁਕਸਾਨ ਪਹੁੰਚਾ ਸਕਦੇ ਹਾਂ।

- ਜਿਸ ਹਥਿਆਰ ਨਾਲ ਸਭ ਤੋਂ ਜ਼ਿਆਦਾ ਨੁਕਸਾਨ ਕੀਤਾ ਜਾਂਦਾ ਹੈ ਉਹ **ਜੀਭ** ਹੈ।

- ਸਾਨੂੰ ਜ਼ਰੂਰ ਆਪਣੇ ਹਥਿਆਰਾਂ ਨੂੰ ਸੁੱਟਣਾ ਚਾਹੀਦਾ ਹੈ ਅਤੇ ਕਦੇ ਵੀ:

    - ਦੂਸਰੇ ਲਈ ਬੁਰਾ ਨਹੀਂ ਬੋਲਣਾ ਚਾਹੀਦਾ
    - ਗੱਪਾਂ ਨਹੀਂ ਮਾਰਨੀਆਂ ਚਾਹੀਦੀਆਂ
    - ਜਾਂ ਆਪਣੇ ਆਪ ਨੂੰ ਬਚਾਉਣਾ ਨਹੀਂ ਚਾਹੀਦਾ

ਯਾਕੂਬ 3:3-10 ਜਦੋਂ ਅਸੀਂ ਘੋੜਿਆਂ ਦੀਆਂ ਲਗਾਮਾਂ ਉਨ੍ਹਾਂ ਦੇ ਮੂੰਹਾਂ ਵਿੱਚ ਦਿੰਦੇ ਹਾਂ ਭਈ ਓਹ ਸਾਡੇ ਵੱਸ ਵਿੱਚ ਰਹਿਣ ਤਾਂ ਉਨ੍ਹਾਂ ਦੇ ਸਾਰੇ ਨੂੰ ਸਰੀਰ ਨੂੰ ਵੀ ਮੋੜ ਲੈਂਦੇ ਹਾਂ।{ਇਸ ਦਾ ਅਰਥ ਕੀ ਹੈ?} (4) ਵੇਖੋ, ਜਹਾਜ਼ ਵੀ ਭਾਵੇਂ ਕੇਡੇ ਕੇਡੇ ਵੱਡੇ ਹਨ ਅਤੇ ਡਾਢੀਆਂ ਅਨ੍ਹੇਰੀਆਂ ਨਾਲ ਉਡਾਏ ਜਾਂਦੇ ਹਨ ਤਾਂ ਵੀ ਛੋਟੇ ਜਿਹੇ ਪਤਵਾਰ ਨਾਲ ਜਿੱਧਰ ਮਾਂਝੀ ਦਾ ਜੀ ਕਰੇ ਮੋੜੇ ਜਾਂਦੇ ਹਨ। (5) ਇਸੇ ਪਰਕਾਰ **ਜੀਭ** ਵੀ ਇੱਕ ਛੋਟਾ ਜਿਹਾ ਅੰਗ ਹੈ ਪਰ ਵੱਡੇ ਫੌੜ ਮਾਰਦੀ ਹੈ,—ਵੇਖੋ, ਕੇਡਾ ਵੱਡਾ ਬਣ ਕਿਹੀ ਨਿੱਕੀ ਜਿਹੀ ਅੱਗ ਨਾਲ ਬਲ ਉੱਠਦਾ ਹੈ! (6) **ਜੀਭ** ਵੀ ਇੱਕ ਅੱਗ ਹੈ! ਸਾਡਿਆਂ ਅੰਗਾਂ ਵਿੱਚ ਕੁਧਰਮ ਦੀ ਦੁਨੀਆ **ਜੀਭ** ਹੈ ਜਿਹੜੀ ਸਾਰੀ ਦੇਹੀ ਨੂੰ **ਦਾਗ ਲਾਉਂਦੀ** ਅਤੇ **ਭਵਚੱਕਰ ਨੂੰ ਅੱਗ ਲਾ ਦਿੰਦੀ ਹੈ** ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ! (7) ਕਿਉਂਕਿ ਜੰਗਲੀ ਜਨਾਉਰਾਂ ਅਤੇ ਪੰਛੀਆਂ, ਘਿੱਸਰਨ ਵਾਲੇ ਅਤੇ ਜਲ ਜੰਤੂਆਂ ਦੀ ਹਰੇਕ ਜ਼ਾਤ ਮਨੁੱਖ ਜ਼ਾਤ ਦੇ ਵੱਸ ਵਿੱਚ ਕੀਤੀ ਜਾਂਦੀ ਸਗੋਂ ਕੀਤੀ ਭੀ ਗਈ ਹੈ। (8) ਪਰ **ਜੀਭ** ਨੂੰ ਕੋਈ ਮਨੁੱਖ ਵੱਸ ਵਿੱਚ ਨਹੀਂ ਕਰ ਸੱਕਦਾ। ਉਹ ਇੱਕ ਚੰਚਲ ਬਲਾ ਹੈ, ਉਹ ਨਾਸ ਕਰਨ ਵਾਲੀ ਵਿੱਸ ਨਾਲ ਭਰੀ ਹੋਈ ਹੈ। (9) ਓਸੇ ਨਾਲ ਅਸੀਂ ਪ੍ਰਭੂ ਅਤੇ ਪਿਤਾ ਨੂੰ ਮੁਬਾਰਕ ਆਖਦੇ ਹਾਂ ਅਤੇ ਓਸੇ ਨਾਲ ਮਨੁੱਖਾਂ ਨੂੰ ਜਿਹੜੇ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਹਨ ਫਿਟਕਾਰ ਦਿੰਦੇ ਹਾਂ। (10) ਇੱਕੋ ਮੂੰਹ ਵਿੱਚੋਂ ਬਰਕਤ ਅਤੇ ਫਿਟਕਾਰ ਨਿੱਕਲਦੀ ਹੈ! ਹੇ ਮੇਰੇ ਭਰਾਵੋ, ਏਹ ਗੱਲਾਂ ਇਉਂ ਨਹੀਂ ਹੋਣੀਆਂ ਚਾਹੀਦੀਆਂ ਹਨ!

- ਤਿੰਨ ਉਦਾਹਰਣਾਂ: ਘੋੜੇ ਦਾ ਮੂੰਹ, ਸਮੁੰਦਰੀ ਜਹਾਜ਼, ਜੰਗਲ ਦੀ ਅੱਗ।
- ਕੀ ਇਸ ਸਮੱਸਿਆ ਦੇ ਲਈ ਐਨੇ ਧਿਆਨ ਦੀ ਲੋੜ ਹੈ?
- ਅਸੀਂ ਜੀਭ ਨੂੰ ਕਿਵੇਂ ਕਾਬੂ ਕਰ ਸਕਦੇ ਹਾਂ? ਕੇਵਲ ਜਦੋਂ ਅਸੀਂ ਮੁਰਦੇ ਹਾਂ! ਗਲਾਤੀਆਂ 2:20

ਯਾਕੂਬ 4:1-4 ਲੜਾਈਆਂ ਕਿੱਥੋਂ ਅਤੇ ਝਗੜੇ ਕਿੱਥੋਂ ਤੁਹਾਡੇ ਵਿੱਚ ਆਉਂਦੇ ਹਨ? {ਅੱਗੇ ਉੱਤਰ ਹੈ} ਕੀ ਐਥੋਂ ਨਹੀਂ ਅਰਥਾਤ **ਤੁਹਾਡਿਆਂ ਭੋਗ ਬਿਲਾਸਾਂ** (ਇੱਛਾਵਾਂ, ਕਾਮਨਾ, ਸਰੀਰਕ ਅਨੰਦ, ਸੁਆਰਥ) ਤੋਂ ਜਿਹੜੇ ਤੁਹਾਡੀਆਂ ਇੰਦਰੀਆਂ ਵਿੱਚ ਜੁੱਧ ਕਰਦੇ ਹਨ? (2) ਤੁਸੀਂ **ਲੋਭ** (ਲਾਲਸਾ ਕਰਨਾ, ਕਾਮਨਾ, ਇੱਛਾ) ਕਰਦੇ ਹੋ ਅਤੇ ਪੱਲੇ ਕੁਝ ਨਹੀਂ ਪੈਂਦਾ।

ਤੁਸੀਂ ਹੱਤਿਆ ਅਤੇ ਈਰਖਾ ਕਰਦੇ ਹੋ ਅਤੇ ਕੁਝ ਪਰਾਪਤ ਨਹੀਂ ਕਰ ਸੱਕਦੇ। ਤੁਸੀਂ ਝਗੜਾ ਅਤੇ ਲੜਾਈ ਕਰਦੇ ਹੋ। ਤੁਹਾਡੇ ਪੱਲੇ ਕੁਝ ਨਹੀਂ ਪੈਂਦਾ ਇਸ ਲਈ ਜੋ ਮੰਗਦੇ ਨਹੀਂ। (3) ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ ਕਿਉਂ ਜੋ ਬਦਨੀਤੀ ਨਾਲ ਮੰਗਦੇ ਹੋ ਭਈ **ਆਪਣਿਆਂ ਭੋਗ ਬਿਲਾਸਾਂ** ਵਿੱਚ ਉਡਾ ਦਿਓ। (4) ਹੇ **ਵਿਭਚਾਰਣੋ**, (ਨੇਮ ਨੂੰ ਤੋੜ੍ਹਨ ਵਾਲੇ) ਕੀ ਤੁਹਾਨੂੰ ਮਲੂਮ ਨਹੀਂ ਭਈ ਸੰਸਾਰ ਦਾ ਮਿੱਤਰਚਾਰਾ ਪਰਮੇਸ਼ੁਰ ਦਾ ਵੈਰ ਹੈ? ਫੇਰ ਜੇ ਕੋਈ ਸੰਸਾਰ ਦਾ ਮਿੱਤਰ ਹੋਇਆ ਚਾਹੁੰਦਾ ਹੈ ਸੋ ਆਪਣੇ ਆਪ ਨੂੰ ਪਰਮੇਸ਼ੁਰ ਦਾ ਵੈਰੀ ਬਣਾਉਂਦਾ ਹੈ।

- ਅਸੀਂ ਜਿਸ ਚੀਜ਼ ਦਾ ਲਾਲਚ ਕਰਦੇ, ਇੱਛਾ ਕਰਦੇ ਜਾਂ ਕਾਮਨਾ ਕਰਦੇ ਹਾਂ ਉਸ ਦਾ ਨਤੀਜਾ ਝਗੜੇ ਅਤੇ ਵਿਵਾਦ ਹੁੰਦਾ ਹੈ?
  ਉੱਤਰ: ਸਹੀ ਹੋਣ ਲਈ। ਆਪਣੇ ਢੰਗ ਨਾਲ ਕਰਨ ਲਈ। ਮਹੱਤਵਪੂਰਣ ਬਣਨ ਲਈ ਜਾਂ ਵਿਖਾਈ ਦੇਣ ਲਈ।

- ਮਸਲਾ: ਸੰਜਮ ਬਨਾਮ ਸਵੈ-ਕਿਰਪਾ

  ਗਲਾਤੀਆਂ 5:22-26 ਪਰ ਆਤਮਾ ਦਾ ਫਲ ਇਹ ਹੈ-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, **ਸੰਜਮ**। ਇਹੋ ਜੇਹੀਆਂ ਗੱਲਾਂ ਦੇ ਵਿਰੋਧ ਕੋਈ ਸ਼ਰਾ ਨਹੀਂ ਹੈ। ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ **ਸਰੀਰ ਨੂੰ** ਉਹ ਦੀਆਂ **ਕਾਮਨਾ ਅਤੇ ਵਿਸ਼ਿਆਂ** ਸਣੇ **ਸਲੀਬ ਉੱਤੇ ਚਾੜ੍ਹ ਦਿੱਤਾ**। ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ **ਆਤਮਾ ਦੁਆਰਾ ਚੱਲੀਏ ਵੀ।** ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇੱਕ ਦੂਏ ਨੂੰ ਖਿਝਾਈਏ ਅਤੇ ਇੱਕ ਦੂਏ ਨਾਲ ਖਾਰ ਕਰੀਏ।

ਲੂਕਾ 9:23-24 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ।

ਯਾਕੂਬ 1:19 ਪਰ ਹਰੇਕ ਮਨੁੱਖ **ਸੁਣਨ** ਵਿੱਚ **ਕਾਹਲਾ** ਅਤੇ **ਬੋਲਣ** ਵਿੱਚ **ਧੀਰਾ** ਅਤੇ **ਕ੍ਰੋਧ** ਵਿੱਚ ਵੀ **ਧੀਰਾ** ਹੋਵੇ।

ਯਾਕੂਬ 1:26 ਜੇ ਕੋਈ ਆਪਣੇ ਆਪ ਨੂੰ ਭਗਤੀ ਕਰਨ ਵਾਲਾ ਸਮਝੇ ਅਤੇ ਆਪਣੀ **ਜੀਭ ਨੂੰ ਲਗਾਮ** ਨਾ ਚਾੜ੍ਹੇ ਸਗੋਂ ਆਪਣੇ ਹੀ ਦਿਲ ਨੂੰ ਧੋਖਾ ਦੇਵੇ ਤਾਂ ਓਸ ਮਨੁੱਖ ਦੀ ਭਗਤੀ ਅਵਿਰਥੀ ਹੈ।

- ❖ ਯਿਸੂ ਦੀ ਉਦਾਹਰਣ: ਉਸ ਨੇ ਆਪਣੀ ਜੀਭ ਨੂੰ ਕਾਬੂ ਵਿੱਚ ਕੀਤਾ

1 ਪਤਰਸ 2:21-24 ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁੱਖ ਝੱਲ ਕੇ** ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। (22) ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। (23) ਉਹ ਗਾਲੀਆਂ ਖਾ ਕੇ **ਗਾਲੀ ਨਾ ਦਿੰਦਾ ਸੀ** ਅਤੇ **ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ** ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ। (24) ਓਸ **ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ** ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ।

ਇਹ ਕੁੰਜੀ ਹੈ - ਤੁਹਾਡੀ ਪਤਨੀ ਨਾਲ ਇੱਕ ਵਿਵਾਦ ਵਿੱਚ ਸ਼ਾਂਤੀ ਲਿਆਉਣ ਲਈ, ਜਾਂ ਕਿਸੇ ਹੋਰ ਨਾਲ।

- ਮੁੜਕੇ ਵਿਵਾਦ ਨਾ ਕਰੋ ਜਾਂ ਆਪਣੇ ਆਪ ਦੀ ਸਫਾਈ ਨਾ ਦਿਓ।

- ਪਹਿਲਾਂ ਆਪਣੇ ਆਪ ਨਾਲ ਗੱਲ ਕਰੋ। ਆਪਣੀ ਸਲੀਬ ਉੱਠਾਓ। ਹਵਾਲਾ ਗਲਾਤੀਆਂ 2:20

ਕਹਾਉਤਾਂ 18:21 **ਮੌਤ** ਅਤੇ **ਜੀਉਣ** ਦੋਵੇਂ **ਜੀਭ ਦੇ ਵੱਸ ਵਿੱਚ ਹਨ**, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਓਹ ਉਸ ਦਾ ਫਲ ਖਾਣਗੇ।

ਕੁਲੁੱਸੀਆਂ 4:6 ਤੁਹਾਡੀ ਗੱਲ ਬਾਤ ਸਦਾ **ਕਿਰਪਾਮਈ** ਅਤੇ ਸਲੂਣੀ ਹੋਵੇ ਤਾਂ ਜੋ **ਤੁਸੀਂ ਜਾਣੋ ਭਈ ਹਰੇਕ ਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ**।

ਅਫਸੀਆਂ 4:29-32 **ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ** ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ **ਉੱਨਤੀ** ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ **ਕਿਰਪਾ** ਹੋਵੇ। ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ **ਉਦਾਸ ਨਾ ਕਰੋ** . . . ਸਭ **ਕੁੜੱਤਣ**, **ਕ੍ਰੋਧ**, **ਕੋਪ**, **ਰੌਲਾ** ਅਤੇ **ਦੁਰਬਚਨ ਸਾਰੀ ਬੁਰਿਆਈ** ਸਣੇ ਤੁਹਾਥੋਂ **ਦੂਰ ਹੋਵੇ** ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ।

ਵਫ਼ਾਦਾਰੀ - ਮੇਰੇ ਸਮਰਪਣ ਦੀ ਉਨ੍ਹਾਂ ਅੱਗੇ **ਪੁਸ਼ਟੀ** ਕਰਨ ਲਈ ਬਿਪਤਾ ਦੀ ਵਰਤੋਂ ਕਰਨਾ, ਜਿਨ੍ਹਾਂ ਦੀ ਸੇਵਾ ਕਰਨ ਲਈ ਪਰਮੇਸ਼ੁਰ ਨੇ ਮੈਨੂੰ ਬੁਲਾਇਆ ਹੈ।

ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ। ਯੂਹੰਨਾ 15:13

ਸਾਡੇ ਲਈ ਕਿਸੇ ਹੋਰ ਨੇ ਆਪਣੀ ਸ਼ਾਹੀ ਪੁਸ਼ਾਕ ਲਾਹੀ!

ਫਿਲਿੱਪੀਆਂ 2:2-11 **ਧੜੇ ਬਾਜ਼ੀਆਂ** ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ {ਕਿਸੇ ਦੀਆਂ ਆਪਣੀਆਂ ਯੋਗਤਾਵਾਂ ਜਾਂ ਯੋਗ ਹੋਣ ਤੋਂ ਕੁਧਰਮ ਦੀ ਉੱਚ ਸਲਾਹ (ਕ੍ਰੋਧ) ਇੱਕ ਚੰਗਾ ਸਵੈ-ਮਾਣ ਜਾਇਜ਼ ਹੈ 1 ਕੁਰਿੰਥੀਆਂ 4:7; 15:10} ਸਗੋਂ ਤੁਸੀਂ ਅਧੀਨਗੀ ਨਾਲ **ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ**। (4) ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ। (5) **ਤੁਹਾਡਾ ਉਹੋ ਸੁਭਾਉ ਹੋਵੇ** ਜੋ ਮਸੀਹ ਯਿਸੂ ਦਾ ਭੀ ਸੀ (6) ਕਿ ਉਸ ਨੇ ਪਰਮੇਸ਼ੁਰ ਦੇ **ਸਰੂਪ** ਵਿੱਚ ਹੋ ਕੇ ਪਰਮੇਸ਼ੁਰ ਦੇ **ਤੁੱਲ** ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। (7) ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ ਕਰ ਕੇ** (ਖਾਲੀ ਕਰਨਾ) **ਦਾਸ** ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ (8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ ਤਾਈ ਸਗੋਂ ਸਲੀਬ ਦੀ ਮੌਤ ਤਾਈ ਆਗਿਆਕਾਰ ਬਣਿਆ**। (9) ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ **ਅੱਤ**

**ਉੱਚਿਆਂ ਕੀਤਾ** ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। (10) ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ (11) ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!

ਅਫਸੀਆਂ 5:25-33 ਹੇ ਪਤਿਓ, ਆਪਣੀਆਂ ਪਤਨੀਆਂ ਨਾਲ **ਪ੍ਰੇਮ** ਰੱਖੋ **ਜਿਵੇਂ** ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ {1} **ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ**। (26) ਭਈ {2} ਉਸ ਨੂੰ ਜਲ ਦੀ ਅਸ਼ਨਾਨ ਤੋਂ ਬਾਣੀ ਨਾਲ **ਸ਼ੁੱਧ ਕਰ ਕੇ ਪਵਿੱਤਰ ਕਰੇ**। (27) ਅਤੇ ਉਹ ਉਸ ਨੂੰ **ਆਪਣੇ ਲਈ** ਇਹੋ ਜਿਹੀ **ਪਰਤਾਪਵਾਨ** ਕਲੀਸਿਯਾ **ਤਿਆਰ ਕਰੇ** ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ। (28) ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ **ਪ੍ਰੇਮ** ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ। ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਹੀ ਨਾਲ ਪ੍ਰੇਮ ਕਰਦਾ ਹੈ। (29) ਕਿਉਂ ਜੋ ਕਿਸੇ ਨੇ ਆਪਣੇ ਸਰੀਰ ਨਾਲ ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ ਪਾਲਦਾ ਪਲੋਸਦਾ ਹੈ ਜਿਵੇਂ ਮਸੀਹ ਵੀ ਕਲੀਸਿਯਾ ਨੂੰ (30) ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ। (31) ਇਸ ਕਰਕੇ ਮਨੁੱਖ ਆਪਣੇ ਮਾਪੇ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ। (32) ਇਹ ਭੇਤ ਤਾਂ ਵੱਡਾ ਹੈ ਪਰ ਮੈਂ ਮਸੀਹ ਅਤੇ ਕਲੀਸਿਯਾ ਦੇ ਵਿਖੇ ਬੋਲਦਾ ਹਾਂ। (33) ਪਰ ਤੁਸਾਂ ਵਿੱਚੋਂ ਭੀ ਹਰੇਕ **ਆਪੋ ਆਪਣੀ ਪਤਨੀ ਨਾਲ** ਆਪਣੇ ਹੀ ਜਿਹਾ **ਪ੍ਰੇਮ ਕਰੇ** ਅਰ ਪਤਨੀ ਆਪਣੇ ਪਤੀ ਦਾ **ਮਾਨ** ਕਰੇ।

{1} ਯਿਸੂ "ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ" ਜਾਂ ਜਿਵੇਂ ਫਿਲਿੱਪੀਆਂ 2:7-8 ਵਿੱਚ ਆਖਿਆ ਗਿਆ ਹੈ "**ਆਪਣੇ ਆਪ ਨੂੰ ਸੱਖਣਾ ਕਰ ਕੇ . . . ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ ਮੌਤ ਤਾਈ ਸਗੋਂ ਸਲੀਬ ਦੀ ਮੌਤ ਤਾਈ ਆਗਿਆਕਾਰ ਬਣਿਆ"। ਫਿਲਿੱਪੀਆਂ 2:7-8

- ਆਪਣੇ ਆਪ ਨੂੰ ਅਧੀਨ ਆਗਿਆਕਰੀ ਕਿਵੇਂ ਬਣਾਈਏ?
    - ਮੈਂ ਆਖਦਾ ਹਾਂ" "ਮੇਰੀ ਇੱਛਾ ਨਹੀਂ ਪਰ ਪਰਮੇਸ਼ੁਰ ਦੀ ਇੱਛਾ।
    - ਮੈਂ ਆਪਣੇ ਅਧਿਕਾਰਾਂ / ਆਪਣੀ ਪਦਵੀ / ਆਪਣੇ ਹੱਕ / ਮਹਿਮਾ ਨੂੰ ਆਗਿਆਕਾਰੀ ਲਈ ਤਿਆਗਦਾ ਹਾਂ
    - ਇਹ ਦੀਨਤਾ ਹੈ: ਮੇਰੀਆਂ ਆਪਣੀਆਂ ਵਿਅਕਤੀਗਤ ਉਮੀਦਾਂ ਅਤੇ ਹੱਕਾਂ ਨੂੰ ਪਰਮੇਸ਼ੁਰ ਲਈ ਛੱਡਣਾ। 1 ਪਤਰਸ 2:21-23

{2} "*ਤਾਂ ਜੋ*" ਜਾਂ "ਖਾਲੀ ਕਰਨਾ" ਪੂਰਾ ਕਰਦਾ ਹੈ:

- "ਉਹ ਨੂੰ ਪਵਿੱਤਰ ਕਰਨਾ", ਜੋ ਕਿ ਉਸ ਨੂੰ ਖਾਸ ਹੋਣ ਦੇ ਲਈ ਅਲੱਗ ਕਰਨਾ ਹੈ।

- "ਉਸ ਨੂੰ ਸ਼ੁੱਧ ਕਰਨਾ" ਉਸ ਨੂੰ ਮਹਿਮਾਮਈ ਬਣਾਉਣ ਦੇ ਲਈ ਉਸ ਦੇ ਸਾਰੇ ਮਾਨਸਿਕ ਅਤੇ ਭਾਵਨਤਮਕ ਜਖਮਾਂ ਨੂੰ ਚੰਗਾ ਕਰਨਾ।

ਹਰੇਕ ਵਿਅਕਤੀ ਦਿਲ ਵਿੱਚ ਇੱਕ ਭਾਵਨਾਤਮਕ ਪਿਆਲਾ ਜਾਂ ਖੇਤਰ ਹੁੰਦਾ ਹੈ ਜੋ ਪਿਆਰ ਜਾਂ ਦਰਦਨਾਕ ਜਖਮਾਂ ਜਾਂ ਉਨ੍ਹਾਂ ਦੇ ਜੀਵਨ ਵਿੱਚ ਇਨਕਾਰਾਂ ਨਾਲ ਭਰਿਆ ਹੁੰਦਾ ਹੈ।

ਇੱਕ ਪਤੀ ਨੂੰ ਪਵਿੱਤਰ ਆਤਮਾ ਦੀ ਚੰਗਾ ਕਰਨ ਵਾਲੀ ਸਮਰੱਥਾ ਦਾ ਸਰੋਤ ਬਣਨਾ ਹੈ ਤਾਂ ਕਿ ਆਪਣੀ ਪਤਨੀ ਦੇ ਵਿੱਚ ਜਖਮਾਂ ਅਤੇ ਇਨਕਾਰਾਂ ਨੂੰ ਪਿਆਰ ਅਤੇ ਪਰਵਾਨਗੀ ਨਾਲ ਬਦਲੇ।

ਉਹ ਇਹ ਆਪਣੇ ਕੰਮਾਂ, ਆਪਣੇ ਰਵੱਈਏ, ਆਪਣੇ ਬਚਨਾਂ ਅਤੇ ਆਪਣੀ ਦਿਆਲੂ ਦੇਖਭਾਲ ਨਾਲ ਕਰਦਾ ਹੈ, ਜਿਵੇਂ ਯਿਸੂ ਨੇ ਕੀਤਾ।

ਇੱਕ ਪਤਨੀ ਜਿਸ ਦੇ ਨਾਲ ਇਸ ਤਰ੍ਹਾਂ ਪਿਆਰ ਕੀਤਾ ਜਾਂਦਾ ਹੈ ਕਦੇ ਵੀ ਛੱਡ ਕੇ ਨਹੀਂ ਜਾਵੇਗੀ ਅਤੇ ਨਾ ਹੀ ਬੇਵਫ਼ਾਈ ਕਰੇਗੀ।

ਸਾਡੇ ਬੱਚਿਆਂ ਦੀ ਵੀ ਲੋੜ ਹੈ ਕਿ ਉਨ੍ਹਾਂ ਦੇ ਖਾਲੀਪਣ ਨੂੰ ਉਨ੍ਹਾਂ ਦੇ ਪਿਤਾ ਦੇ ਪਿਆਰ ਵਾਲੇ ਬਚਨਾਂ, ਕੰਮਾਂ, ਰਵੱਈਏ ਅਤੇ ਪਵਿੱਤਰ ਗਲਵੱਕੜੀਆਂ ਨਾਲ ਭਰਿਆ ਜਾਵੇ।

ਮੈਨੂੰ ਇੱਕ ਸੱਚੀ ਕਹਾਣੀ ਦੱਸੀ ਗਈ:
ਇੱਕ ਔਰਤ ਜਿਸ ਦਾ ਸ਼ੋਸ਼ਣ ਕੀਤਾ ਗਿਆ ਸੀ ਉਸ ਨੇ ਕਿਹਾ: "ਜਦੋਂ ਮੈਂ ਇੱਕ ਛੋਟੀ ਕੁੜੀ ਸੀ, ਤਦ ਮੇਰਾ ਪਰਿਵਾਰ ਬਹੁਤ ਬੇਕਾਰ ਸੀ। ਮੇਰੀ ਐਨੀ ਇੱਛਾ ਸੀ ਅਤੇ ਮੇਰਾ ਸੁਫ਼ਨਾ ਸੀ ਕਿ ਕੋਈ ਮੈਨੂੰ ਪਿਆਰ ਕਰੇ ਕਿ ਇੱਕ ਦਿਨ ਮੈਂ ਨਾ ਚਾਹੁੰਦੇ ਹੋਏ ਵੀ ਇੱਕ ਡੱਡੂ ਨੂੰ ਚੁੰਮਿਆ। ਮੇਰਾ ਇੱਕ ਰਾਜੁਕੁਮਾਰ ਹੋਵੇਗਾ ਜੋ ਮੈਨੂੰ ਪਕੜੇਗਾ ਅਤੇ ਮੈਨੂੰ ਪਿਆਰ ਕਰੇਗਾ"।